Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 171 | Wednesday, August 31, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਟੀਡੀ ਬੈਂਕ ਨੇ 2023 ਵਿਚ ਘਰਾਂ ਦੀਆਂ ਕੀਮਤਾਂ 25 ਫੀ ਸਦੀ ਤੱਕ ਡਿੱਗਣ ਦੀ ਕੀਤੀ ਪੇਸ਼ੀਨਿਗੋਈ

ਟੋਰਾਂਟੋ,30 ਅਗਸਤ (ਪੋਸਟ ਬਿਊਰੋ) : ਟੀਡੀ ਬੈਂਕ ਦੀ ਰਿਪੋਰਟ ਮੁਤਾਬਕ ਕੈਨੇਡਾ ਵਿੱਚ ਘਰਾਂ ਦੀ ਔਸਤ ਕੀਮਤ ਇਸ ਸਾਲ ਦੇ ਸ਼ੁਰੂ ਵਿੱਚ ਰਹੀਆਂ ਕੀਮਤਾਂ ਨਾਲੋਂ 2023 ਦੀ ਪਹਿਲੀ ਤਿਮਾਹੀ ਤੱਕ 20 ਤੋਂ 25 ਫੀ ਸਦੀ ਤੱਕ ਘੱਟ ਸਕਦੀ ਹੈ।

ਸੋਮਵਾਰ ਨੂੰ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਮਾਰਗੇਜ ਤੇ ਵਿਆਜ਼ ਦਰਾਂ ਵਿੱਚ ਵਾਧਾ ਹੋਣ ਤੋਂ ਬਾਅਦ ਗਰਮੀਆਂ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ ਕੁੱਝ ਗਿਰਾਵਟ ਦਰਜ ਕੀਤੀ ਗਈ। ਕਈਆਂ ਨੂੰ ਉਮੀਦ ਹੈ ਕਿ ਇਹ ਗਿਰਾਵਟ ਇਸ ਸਾਲ ਦੇ ਅੰਤ ਤੇ ਸਰਦੀਆਂ ਤੱਕ ਇਸੇ ਤਰ੍ਹਾਂ ਜਾਰੀ ਰਹੇਗੀ।

ਕੈਨੇਡੀਅਨ ਰੀਅਲ ਅਸਟੇਟ ਐਸੋਸਿਏਸ਼ਨ (ਸੀਆਰਈਏ) ਦੇ ਤਾਜ਼ਾ ਡਾਟਾ ਅਨੁਸਾਰ ਜੁਲਾਈ ਵਿੱਚ ਘਰਾਂ ਦੀਆਂ ਕੀਮਤਾਂ 629,971 ਡਾਲਰ ਸਨ, ਜੋ ਕਿ ਪਿਛਲੇ ਸਾਲ ਜੁਲਾਈ ਵਿੱਚ 662,924 ਡਾਲਰ ਨਾਲੋਂ 5 ਫੀ ਸਦੀ ਘੱਟ ਸਨ। ਸੀਜ਼ਨਲ ਐਡਜਸਟਮੈਂਟ ਦੇ ਹਿਸਾਬ ਨਾਲ ਇਹ ਜੂਨ ਦੇ ਮਹੀਨੇ




ਨਾਲੋਂ 3 ਫੀ ਸਦੀ ਘੱਟ ਭਾਵ 650,760 ਡਾਲਰ ਸਨ।

ਟੀਡੀ ਦੇ ਅਰਥਸ਼ਾਸਤਰੀ ਰਿਸ਼ੀ ਸੌਂਧੀ ਨੇ ਲਿਖਿਆ ਕਿ ਇਸ ਰਿਪੋਰਟ ਵਿੱਚ ਕੀਮਤਾਂ ਵਿੱਚ ਜਿਹੜੀ ਕਮੀ ਦਰਸਾਈ ਗਈ ਹੈ ਉਸ ਤਰ੍ਹਾਂ ਦੀ ਗਿਰਾਵਟ 1980ਵਿਆਂ ਵਿੱਚ ਵੀ ਆਈ ਸੀ ਜਦੋਂ ਡਾਟਾ ਇੱਕਠਾ ਕਰਨਾ ਸ਼ੁਰੂ ਕੀਤਾ ਗਿਆ ਸੀ ਪਰ ਮਹਾਂਮਾਰੀ ਦੌਰਾਨ ਇਨ੍ਹਾਂ ਘਰਾਂ ਦੀਆਂ ਕੀਮਤਾਂ ਵਿੱਚ ਬੇਹਿਸਾਬੇ ਢੰਗ ਨਾਲ ਵਾਧਾ ਦਰਜ ਕੀਤਾ ਗਿਆ। ਸੌਂਧੀ ਨੇ ਆਖਿਆ ਕਿ ਸੱਭ ਤੋਂ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ ਜੇ ਮੰਗ ਤੇ ਕੀਮਤਾਂ ਨੂੰ ਮੱਠਾ ਰੱਖਣ ਲਈ ਕੰਮ ਕੀਤਾ ਜਾਵੇ। ਐਨੀ ਤੇਜ਼ੀ ਨਾਲ ਘਰਾਂ ਦੀਆਂ ਕੀਮਤਾਂ ਕਈ ਦਹਾਕਿਆਂ ਵਿੱਚ ਪਹਿਲੀ ਵਾਰੀ ਇਸ ਵਾਰੀ ਵਧੀਆਂ, ਕੰਜ਼ਿਊਮਰਜ਼ ਦੀਆਂ ਆਮਦਨਾਂ ਵਿੱਚ ਵਾਧਾ ਦਰਜ ਕੀਤਾ ਗਿਆ ਤੇ ਲੋੜੋਂ ਵੱਧ ਬਚਤ ਦੇ ਨਾਲ ਨਾਲ ਨਵੀਂ ਤੇ ਰੀਸੇਲ ਮਾਰਕਿਟ ਦੀਆਂ ਘੱਟ ਲਿਸਟਾਂ ਆਦਿ।

ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਆਸ ਸੀ ਕਿ ਫਰਵਰੀ ਵਿੱਚ 817,253 ਡਾਲਰ ਤੱਕ ਵੱਧ ਰਹਿਣ ਤੋਂ ਬਾਅਦ 2023 ਦੇ ਅੰਤ ਤੱਕ ਇਨ੍ਹਾਂ ਕੀਮਤਾਂ ਵਿੱਚ 15 ਫੀ ਸਦੀ ਦੀ ਕਮੀ ਹੋਣ ਦੀ ਉਮੀਦ ਹੈ। ਪਰ ਹੁਣ ਇੱਕ ਵਾਰੀ ਮੁੜ ਐਡਜਸਟ ਕੀਤੀ ਗਈ ਕੌਮੀ ਔਸਤ ਅਨੁਸਾਰ ਇਨ੍ਹਾਂ ਕੀਮਤਾਂ ਵਿੱਚ 20 ਤੇ 25 ਫੀ ਸਦੀ ਕਮੀ ਆਵੇਗੀ।

## ਰੋਜ਼ਾਨਾ ਸ਼ਰਾਬ ਦਾ ਇੱਕ ਪੈੱਗ ਪੀਣ ਨਾਲ ਪੈ ਸਕਦੇ ਹਨ ਲੈਣੇ ਦੇ ਦੇਣੇ

ਓਟਵਾ, 30 ਅਗਸਤ (ਪੋਸਟ ਬਿਊਰੋ) : ਨਵੇਂ ਵਿਸ਼ਲੇਸ਼ਣ ਤੋਂ ਸਾਹਮਣੇ ਆਇਆ ਹੈ ਕਿ ਰੋਜ਼ਾਨਾ ਸ਼ਰਾਬ ਦੀ ਜਿੰਨੀ ਮਾਤਰਾ ਨੂੰ ਪਹਿਲਾਂ ਲੈਣਾ ਸੁਰੱਖਿਅਤ ਤੇ ਸਿਹਤਮੰਦ ਦੱਸਿਆ ਗਿਆ ਸੀ, ਹੁਣ ਮਾਹਿਰਾਂ ਦਾ ਕਹਿਣਾ ਹੈ ਕਿ ਅਸਲ ਵਿੱਚ ਕਿਸੇ ਵੀ ਤਰ੍ਹਾਂ ਦੀ ਗੰਭੀਰ ਬਿਮਾਰੀ ਤੋਂ ਬਚਣ ਲਈ ਐਨੀ ਮਾਤਰਾ ਹਫਤੇ ਵਿੱਚ ਇੱਕ ਵਾਰੀ ਲੈਣੀ ਚਾਹੀਦੀ ਸੀ।

ਇੱਕ ਤਾਜ਼ਾ ਰਿਪੋਰਟ ਵਿੱਚ ਕੈਨੇਡੀਅਨ ਸੈਂਟਰ ਆਫ ਸਬਸਟਾਂਸ ਯੂਜ਼ ਐਂਡ ਐਡਿਕਸ਼ਨ (ਸੀਸੀਐਸਏ) ਨੇ ਆਖਿਆ ਕਿ ਰੋਜ਼ਾਨਾ ਸ਼ਰਾਬ ਦਾ ਇੱਕ ਪੈੱਗ ਲੈਣ ਨਾਲ ਕਈ ਤਰ੍ਹਾਂ ਦੇ ਸਿਹਤ ਸਬੰਧੀ ਖਤਰੇ ਜੁੜੇ ਹੋਏ ਹਨ। ਇਸ ਕਾਰਨ ਦਿਲ ਦੀਆਂ ਬਿਮਾਰੀਆਂ, ਸਟਰੋਕ ਤੇ ਕੈਂਸਰ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਇਨਸਾਨ ਨੂੰ ਬਿਮਾਰੀਆਂ ਤੋਂ ਬਚਣ ਲਈ ਜਾਂ ਤਾਂ ਦਾਰੂ ਪੀਣੀ ਹੀ ਨਹੀਂ ਚਾਹੀਦੀ ਨਹੀਂ ਤਾਂ



ਹਫਤੇ ਵਿੱਚ ਦੋ ਡਰਿੰਕ ਲੈਣੇ ਚਾਹੀਦੇ ਹਨ।

ਨੌਰਥ ਅਮਰੀਕਾ ਵਿੱਚ ਆਮ ਤੌਰ ਉੱਤੇ ਐਲਕੋਹਲਿਕ ਪਦਾਰਥਾਂ ( ਜਿਵੇਂ ਬੀਅਰ, ਵਾਈਨ, ਕਾਕਟੇਲ) ਵਿੱਚ ਅੰਦਾਜ਼ਨ 14 ਗ੍ਰਾਮ ਸ਼ਰਾਬ ਹੁੰਦੀ ਹੈ। ਰੋਜ਼ਾਨਾ ਇੱਕ ਡਰਿੰਕ ਨਾਲ ਹਫਤੇ ਵਿੱਚ ਇੱਕ ਇਨਸਾਨ 98 ਗ੍ਰਾਮ ਸ਼ਰਾਬ ਦੀ ਖਪਤ ਕਰ ਲੈਂਦਾ ਹੈ। ਇਸੇ ਤਰਜ਼ ਉੱਤੇ ਹਫਤੇ ਵਿੱਚ ਛੇ ਡਰਿੰਕ ਲੈਣ ਨਾਲ ਕੋਈ ਵਿਅਕਤੀ ਸਿਹਤ ਸਮੱਸਿਆਵਾਂ ਸਹੇੜਨ ਲਈ ਹਾਈ ਰਿਸਕ ਬਣ ਜਾਂਦਾ ਹੈ। ਇਸ ਗਰੁੱਪ ਵੱਲੋਂ ਸ਼ਰਾਬ ਦੀ ਸੁਰੱਖਿਅਤ ਮਾਤਰਾ ਨੂੰ ਅਲਕੋਹਲਿਕ ਡਰਿੰਕਸ ਉੱਤੇ ਲੇਬਲ ਕੀਤੇ ਜਾਣ ਦੀ ਮੰਗ ਵੀ ਕੀਤੀ ਜਾ ਰਹੀ ਹੈ।

## ਕੋਟਕਪੂਰਾ ਗੋਲੀ ਕਾਂਡ: ਐੱਸ ਆਈ ਟੀ ਅੱਗੇ ਪੇਸ਼ ਨਹੀਂ ਹੋਏ ਸੁਖਬੀਰ ਸਿੰਘ ਬਾਦਲ

* ਅਕਾਲੀ ਦਲ ਨੇ ਕਿਹਾ: ਸੰਮਣ ਹੀ ਨਹੀਂ ਸਨ ਮਿਲੇ
* ਜਾਂਚ ਟੀਮ ਨੇ ਕਿਹਾ: ਪੁਲਿਸ ਅਫਸਰ ਖੁਦ ਗਏ ਸਨ ਸੰਮਣ ਦੇਣ

ਚੰਡੀਗੜ੍ਹ, 30 ਅਗਸਤ, (ਪੋਸਟ ਬਿਊਰੋ)- ਸਾਲ 2015 ਵਿਚ ਅਕਾਲੀ-ਭਾਜਪਾ ਸਰਕਾਰ ਵੇਲੇ ਹੋਏ ਬੇਅਦਬੀ ਕਾਂਡ ਮਗਰੋਂ ਰੋਸ ਕਰਦੀ ਸੰਗਤ ਉੱਤੇ ਪੁਲਸ ਗੋਲੀ ਚਲਾਉਣ ਨਾਲ ਸੰਬੰਧਤ ਕੋਟਕਪੂਰਾ ਗੋਲੀ ਕਾਂਡ ਕੇਸ ਵਿੱਚ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਨੇ ਅੱਜ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਅੱਗੇ ਪੇਸ਼ ਹੋਣਾ ਸੀ, ਪਰ ਐੱਸ ਆਈ ਟੀ ਉਡੀਕਦੀ ਰਹੀ ਅਤੇ ਉਹ ਪੇਸ਼ ਨਹੀਂ ਹੋਏ।

ਵਰਨਣ ਯੋਗ ਹੈ ਕਿ ਇਸ ਕਾਂਡ ਦੀ ਜਾਂਚ ਟੀਮ ਨੇ ਪਿਛਲੇ ਦਿਨੀਂ ਸੰਮਨ ਭੇਜ ਕੇ ਅੱਜ 30 ਅਗਸਤ ਨੂੰ ਸੁਖਬੀਰ ਸਿੰਘ ਬਾਦਲ ਨੂੰ ਇਸ ਟੀਮ ਅੱਗੇ ਪੇਸ਼ ਹੋਣ ਨੂੰ ਕਿਹਾ ਸੀ, ਪਰ ਉਹ ਪੇਸ਼ ਨਹੀਂ ਹੋਏ। ਇਸ ਸੰਬੰਧ ਵਿੱਚ ਅਕਾਲੀ ਦਲ ਦਾ ਦਾਅਵਾ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਪੇਸ਼ੀ ਦੇਸੰਮਣਨਹੀਂ ਮਿਲੇ, ਇਸ ਲਈ ਪੇਸ਼ ਨਹੀਂ ਹੋਏ।

ਦੂਸਰੇ ਪਾਸੇ ਇਹਸੰਮਣ ਨਾ ਮਿਲਣ ਦੇ ਅਕਾਲੀ ਦਲ ਦੇ ਦਾਅਵੇਦੇ ਜਵਾਬ ਵਿੱਚਐੱਸ ਆਈ ਟੀਨੇ ਕਿਹਾ ਕਿ ਇੱਕ ਪੁਲਿਸ ਅਫਸਰ ਖੁਦ ਸੰਮਣ ਲੈ ਕੇ ਸੁਖਬੀਰ ਸਿੰਘ ਬਾਦਲ ਦੇ ਘਰ ਗਿਆ ਸੀ, ਪਰ ਅੱਗੋਂ ਇਹ ਕਹਿ ਦਿੱਤਾ ਗਿਆ ਕਿ ਸੁਖਬੀਰ ਸਿੰਘ ਬਾਦਲ ਵਿਦੇਸ਼ ਗਏ ਹਨ।ਇਹੀ ਨਹੀਂ, ਉਨ੍ਹਾਂ ਨੂੰ ਦੋ ਵਾਰ ਕੋਰੀਅਰ ਰਾਹੀਂ ਸੰਮਣ ਭੇਜੇ ਗਏ, ਪਰ ਦੋਵੇਂ ਵਾਰ ਸੰਮਣ ਲੈਣ ਤੋਂ ਇਨਕਾਰ ਕੀਤਾ ਗਿਆ।ਇਸੇ ਕੇਸ ਵਿੱਚ ਇਸ ਤੋਂ ਪਹਿਲਾਂ ਐੱਸ ਆਈ ਟੀਨੇ ਪੰਜਾਬ ਪੁਲਸ ਦੇ ਸਾਬਕਾ ਮੁਖੀ (ਡੀਜੀਪੀ) ਸੁਮੇਧ ਸਿੰਘ ਸੈਣੀ ਤੋਂ ਵੀ ਪੁੱਛਗਿੱਛ ਕੀਤੀ ਸੀ। ਤਾਜ਼ਾ ਸੰਮਣ ਅਨੁਸਾਰ ਸੁਖਬੀਰ ਸਿੰਘ



ਬਾਦਲ ਨੇ ਅੱਜ ਚੰਡੀਗੜ੍ਹ 10:30 ਵਜੇ ਸੈਕਟਰ 32 ਵਿੱਚ ਪੰਜਾਬ ਪੁਲਿਸ ਹੈੱਡਕੁਆਟਰ ਵਿਖੇ ਪੇਸ਼ ਹੋਣਾ ਸੀ।

ਅਕਾਲੀ-ਭਾਜਪਾ ਸਰਕਾਰ ਦੌਰਾਨ ਅਕਤੂਬਰ 2015 ਵਿੱਚ ਫਰੀਦਕੋਟ ਜ਼ਿਲੇ ਦੇ ਪਿੰਡ ਬਰਗਾੜੀਵਿੱਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿੱਲਰੇ ਮਿਲਣ ਉੱਤੇ ਸਿੱਖ ਸੰਗਤ ਨੇ ਵਿਰੋਧ ਕੀਤਾ ਤਾਂਕੋਟਕਪੂਰਾ ਵਿੱਚ ਪੁਲਸਨੇ ਗੋਲੀ ਚਲਾਈ ਸੀ। ਸਾਲ 2015 ਦੇ ਇਸ ਗੋਲੀ ਕਾਂਡ ਵੇਲੇਸੁਖਬੀਰ ਸਿੰਘ ਬਾਦਲ ਪੰਜਾਬ ਦੇ ਡਿਪਟੀਮੁੱਖ ਮੰਤਰੀ ਸਨ ਤੇ ਉਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਸੀ। ਉਨ੍ਹਾਂ ਤੋਂ ਐੱਸ ਆਈ ਟੀਪੁੱਛਣਾ ਚਾਹੁੰਦੀ ਹੈ ਕਿ ਸੰਗਤਾਂ ਉੱਤੇ ਗੋਲੀ ਚਲਾਉਣ ਦੇ ਹੁਕਮ ਕਿਸ ਨੇ ਦਿੱਤੇ ਸਨ? ਪਿਛਲੀ ਸਰਕਾਰ ਦੌਰਾਨ ਐੱਸ ਆਈ ਟੀ ਵੱਲੋਂ ਇਹੋ ਸਵਾਲ ਪੁੱਛਣ ਉੱਤੇ ਸੁਖਬੀਰ ਸਿੰਘ ਬਾਦਲ ਕਹਿ ਚੁੱਕੇ ਹਨ ਕਿ ਗੋਲੀ ਚਲਾਉਣ ਦੇ ਹੁਕਮਸਥਾਨਕ ਐੱਸਡੀਐੱਮਵੱਲੋਂ ਸਨ। ਐੱਸ ਡੀਐੱਮ ਨੇ ਲਿਖਤੀ ਬਿਆਨਦਿੱਤਾ ਸੀ ਤੇ ਪਤਾ ਲੱਗਾ ਹੈ ਕਿ ਉਹਉਸ ਬਿਆਨ ਉੱਤੇ ਕਾਇਮ ਹਨ। ਸੁਖਬੀਰ ਸਿੰਘ ਬਾਦਲ ਨੇ ਅੱਜ ਐੱਸ ਆਈ ਟੀਵੱਲੋਂ ਸੰਮਣ ਨਾ ਮਿਲਣ ਦੀ ਗੱਲਦੇ ਨਾਲ ਇਹ ਵੀ ਕਿਹਾ ਕਿ ਹਜ਼ਾਰਾਂ ਸੰਮਣ ਆਉਂਦੇ ਹਨ, ਇਹ ਕੋਈ ਵੱਡੀ ਗੱਲ ਨਹੀਂ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty
Off: 905.230.3100

NOW HIRING !!!
ALLKIND INSURANCE
Life Insurance
Super Visa Insurance
Critical illness Ins
Mortgage Insurance
Travel & Visitor Ins
Disability Insurance
RESP & TFSA & RRSP
Funeral Insurance
SIMRAN SAINI
416.994.7272
www.allkindinsurance.com

OURR HOME APPLIANCES
Late Summer TREATS
PRICE $3199 +TAX
PRICE $1599 +TAX
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877 (416) 551 3343

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨਾਲ ਨਿੱਘੀ ਮਿਲਣੀ







ਬਰੈਂਪਟਨ /ਬਾਸੀ ਹਰਚੰਦ ) ਮਾਨਯੋਗ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਅੱਜ ਕੱਲ ਟੋਰੋਂਟੋ ਕੇਨੇਡਾ ਵਿਖੇ ਅੰਤਰ ਰਾਸ਼ਟਰੀ ਪੱਧਰ ਦਾ ਸਪੀਕਰਜ ਦਾ ਪਰੋਗਰਾਮ ਅਟੈਂਡ ਕਰਨ ਆਏ ਹੋਏ ਹਨ। ਆਮ ਆਦਮੀ ਪਾਰਟੀ ਦੇ ਵਲੰਟੀਅਰਜਜ਼ ਵੱਲੋਂ ਉਹਨਾਂ ਦੇ ਸੁਆਗਤ ਅਤੇ ਐਨ ਆਰ ਆਈਜ਼ ਦੀ ਸਮੱਸਿਆਵਾਂ ਸਾਂਝੀਆਂ ਕਰਨ ਲਈ ਥੋੜੇ ਸਮੇਂ ਦੇ ਨੋਟਿਸ ਤੇ ਲੱਕੀ ਸਵੀਟਸ ਰੈਸਟੋਰੈਂਟ ਵਿਖੇ ਪ੍ਰੋਗਰਾਮ ਰੱਖਿਆ ਗਿਆ। ਆਪਣੇ ਹੋਰ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਉਹ ਲੱਗ ਪੱਗ ਦੋ ਵਜੇ ਪਹੁੰਚੇ। ਪਹੁੰਚਣ ਤੇ ਹਰਪ੍ਰੀਤ ਸਿੰਘ ਖੋਸਾ, ਕਮਲਜੀਤ ਸਿੰਘ ਸਿੱਧੂ ,ਪਾਲ ਰੰਧਾਵਾ, ਸੋਹਣ ਸਿੰਘ ਢੀਨਸਾ, ਹਰਚੰਦ ਸਿੰਘ ਬਾਸੀ, ਨਰਿੰਦਰ ਸਿੰਘ ਸੈਣੀ ਨੇ ਓਹਾਂ ਦਾ ਸੁਆਗਤ ਕੀਤਾ। ਆਉਦਿਆਂ ਸਾਰ ਪਹਿਲਾਂ ਹਰ ਟੇਬਲ ਤੇ ਜਾ ਕੇ ਇੱਕ ਇੱਕ ਵਲੰਟੀਅਰ ਨੂੰ ਬੜੇ ਤਪਾਕ ਨਾਲ ਮਿਲੇ। ਉਹਨਾਂ ਦੇ ਨਾਲ ਸਟੇਜ ਤੇ ਉਘੇ ਪੱਤਰਕਾਰ ਜਸਵੀਰ ਸਮੀਲ, ਸੋਹਣ ਸਿੰਘ ਢੀਨਸਾ, ਕਮਲਜੀਤ ਸਿੱਧੂ, ਨਿਮਰਤਾ ਸ਼ੇਰਗਿਲ ਬਿਰ-ਾਜਮਾਨ ਹੋਏ। ਉਪਰੰਤ ਸਟੇਜ ਦੀ ਜੁੰਮੇਵਾਰੀ ਸੰਭਾਲਦਿਆਂ ਹਰਪ੍ਰੀਤ ਸਿੰਘ ਖੋਸਾ ਨੇ ਉਹਨਾਂ ਦੇ ਲਈ ਸੁਆਗਤੀ ਬੜੇ ਸੰਖੇਪ ਅਤੇ ਭਾਵਪੂਰਕ ਸ਼ਬਦ ਕਹੇ। ਹਰ ਚੋਣ ਸਮੇਂ ਪੰਜਾਬ ਜਾਕੇ ਪਾਰਟੀ ਦੀ ਜਿੱਤ ਲਈ ਚੋਣ ਪਰਚਾਰ ਦਾ ਕੰਮ ਕੀਤਾ । ਹੋਰ ਸਾਥੀਆਂ ਦੇ ਨਾਲ ਜੱਸ ਸਿੱਧੂ,ਅਲਮਜੀਤ ਮਾਨ, ਡਾਕਟਰ ਗੁਰਦੀਪ ਸਿੰਘ ਗਰੇਵਾਲ, ਜਗਦੀਪ ਬਰਾੜ, ਸੁਖਜੀਤ ਬਰਾੜ ਸੁਰਿੰਦਰ ਅਰੋੜਾ ਜਸਵਿੰਦਰ ਰੰਧਾਵਾ, ਗੁਰਜੀਤ ਮੁੰਦਰਾ ਅਤੇ ਭੁਪਿੰਦਰ ਚੀਮਾਂ ਸਮੇਤ ਇੱਕ ਇੱਕ ਵਲੰਟੀਅਰ ਦੀ ਪਾਰਟੀ ਲਈ ਤਨਦੇਹੀ ਨਾਲ ਕੰਮ ਕਰਨ ਦੀ ਉਹਨਾਂ ਸ਼ਲਾਘਾ ਕੀਤੀ। ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਅਤੇ ਪੰਜਾਬ ਵਿਧਾਨ ਸਭਾ ਦਾ ਸਪੀਕਰ ਬਨਣ ਦੀਆਂ ਵਧਾਈਆਂ ਦਿਤੀਆਂ। ਕਮਲਜੀਤ ਸਿੰਘ ਨੇ ਦੱਸਿਆ ਕਿ ਕਿਵੇਂ ਐਨ ਆਰ ਆਈਜ ਨੇ ਆਪਣੇ ਪੰਜਾਬ ਦੀ ਵਿਗੜਦੀ ਹਾਲਤ ਦੀ ਚਿੰਤਾ ਕਰਕੇ ਆਮ ਆਦਮੀ ਪਾਰਟੀ ਲਈ ਕਨੇਡਾ ਵਿਚ ਬੈਠ ਕੇ ਤਨ ਦੇਹੀ ਨਾਲ ਕੰਮ ਕੀਤਾ। ਨਰਿੰਦਰ ਸਿੰਘ ਸੈਣੀ ਨੇ ਵਧਾਈਆਂ ਵੀ ਦਿਤੀਆਂ ਅਤੇ ਸਮੱਸਿਆਵਾਂ ਵੱਲ ਵੀ ਧਿਆਨ ਦੁਆਇਆ। ਹਰਚੰਦ ਸਿੰਘ ਬਾਸੀ ਨੇ ਜਿੱਤ ਮਗਰੋਂ ਲੋਕਾਂ ਦੀਆਂ ਹਰ ਖੇਤਰ ਵਿੱਚ ਸੁਧਾਰਾਂ ਪ੍ਰਤੀ ਵੱਡੀਆਂ ਆਸਾਂ ਅਤੇ ਸਰਕਾਰ ਦੀਆਂ ਚੁਨੌਤੀਆਂ ਬਾਰੇ ਸਰਕਾਰ ਤੋਂ ਉਤਸਾਹ ਜਨਕ ਨਤੀਜਿਆਂ ਦੀ ਮੰਗ ਕੀਤੀ। ਵਿਸ਼ੇਸ਼ ਕਰਕੇ ਐਨ ਆਰ ਆਈ ਦੀਆਂ ਘਰ, ਜਾਇਦਾਦਾਂ ਦੀ ਸੁਰੱਖਿਆ ਸਬੰਧੀ ਠੋਸ ਕਾਨੂੰਨ ਬਣਾਉਣਾ ਅਤੇ ਕਿਸਾਨਾਂ ਦੀਆਂ ਜਮੀਨਾਂ ਦੀ ਤਕਸੀਮ ਸਰਲ ਅਤੇ ਸਮਾਂ ਬੱਧ ਕਰਨ ਬਾਰੇ ਪਹਿਲ ਦੇ ਅਧਾਰ ਤੇ ਨਜਿਠਣ ਬਾਰੇ ਮੰਗ ਕੀਤੀ। ਰਸੂਖਦਾਰਾਂ ਵੱਲੋਂ ਪੰਜਾਬ ਦੀ ਬੁਰੀ ਤਰਾਂ ਲੁੱਟ ਕਰਨ ਵਾਲੇ ਚਾਹੇ ਰਾਜਨੀਤਕ ਲੋਕ ਜਾ ਛੋਟੇ ਤੋਂ ਉਚ ਅਹੁਦਿਆਂ ਤੇ ਬੈਠੇ ਅਫਸਰ ਸ਼ਾਹ ਲੋਕਾਂ ਤੋਂ ਬਿਨਾਂ ਲਿਹਾਜ ਅਤੇ ਵਿਤਕਰੇ ਦੇ ਲੁੱਟ ਦਾ ਮਾਲ ਮੁੜਾਇਆ ਜਾਏ। ਅਤੇ ਸਜਾਵਾਂ ਦੁਆਈਆਂ ਜਾਣ। ਸੰਧਵਾਂ ਸਾਹਿਬ ਨੇ ਤਸੱਲੀ ਦਿਤੀ ਕਿ ਕੰਮ ਵਿਗੜਿਆ ਹੀ ਬਹੁਤ ਹੈ ਹਰ ਖੇਤਰ ਤਾਰ ਤਾਰ ਹੈ । ਲੋਕਾਂ ਦੀਆਂ ਉਮੀਦਾਂ ਦਾ ਸਾਨੂੰ ਵੀ ਪਤਾ ਹੈ। ਈਮਾਨਦਾਰੀ ਨਾਲ ਲੱਗੇ ਹਾਂ ਗੱਡੀ ਪਟੜੀ ਤੇ ਚਾੜ ਲਵਾਂਗੇ ਫਿਰ ਸਾਰਾ ਸਿਸਟਮ ਆਪਣੇ ਆਪ ਦੌੜਣ ਲੱਗੇਗਾ । ਇਹੋ ਸਾਡੀ ਮਨਸਾ,ਉਦੇਸ਼ ਅਤੇ ਪ੍ਰਤੀਬੱਧਤਾ ਹੈ। ਟੀਚੇ ਨੂੰ ਲੋਕਾਂ ਦੇ ਸਾਥ ਨਾਲ ਜਰੂਰ ਪਾ ਲਵਾਂਗੇ। ਵਲੰਟੀਅਰਜ਼ ਵੱਲੋਂ ਉਹਨਾਂ ਨੂੰ ਯਾਦਗਾਰੀ ਪਲੈਕ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਆਮ ਆਦਮੀ ਦੇ ਵਲੰਟੀਅਰਜ਼ ਵੱਲੋਂ ਪ੍ਰੀਤੀ ਭੋਜਨ ਦਾ ਪਰਬੰਧ ਵੀ ਕੀਤਾ ਗਿਆ ਸੀ। ਬਾਅਦ ਵਿੱਚ ਸੰਧਵਾਂ ਸਾਹਿਬ ਨਾਲ ਯਾਦਗਾਰੀ ਗਰੁੱਪ ਫੋਟੋ ਕੀਤੀ ਗਈ।

# ਬੁਢਲਾਡੇ ਦਾ ਵਣ ਰੇਂਜ ਅਫ਼ਸਰ 52 ਲੱਖ ਦੇ ਗਬਨ ਕਾਰਨ ਵਿਜੀਲੈਂਸ ਵੱਲੋਂ ਗ੍ਰਿਫਤਾਰ

ਬੁਢਲਾਡਾ, 30 ਅਗਸਤ, (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਦੇ ਦੋਸ਼ ਕਾਰਨ ਬੁਢਲਾਡਾ ਦੇ ਵਣ ਰੇਂਜ ਅਫ਼ਸਰ ਸੁਖਵਿੰਦਰ ਸਿੰਘ ਨੂੰ ਉਸ ਵਕਤ ਦੇ ਵਣ ਮੰਡਲ ਅਫ਼ਸਰ ਮਾਨਸਾ ਅਮਿਤ ਚੌਹਾਨ ਅਤੇ ਹੋਰਨਾਂ ਨਾਲ ਮਿਲਕੇ ਜਾਅਲੀ ਫਰਮਾਂ ਦੇ ਬਿੱਲਾਂ ਨਾਲ ਸਰਕਾਰੀ ਪੈਸੇਵਿੱਚ ਬਵੰਜਾ ਲੱਖ ਤੋਂ ਵੱਧਗਬਨ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਹੈ। ਇਨ੍ਹਾਂ ਲੋਕਾਂ ਨੂੰ ਇੱਕ ਵੱਖਰੇ ਬੈਂਕ ਖਾਤੇ ਵਿੱਚ ਸਰਕਾਰੀ ਪੈਸੇ ਟਰਾਂਸਫਰ ਕਰ ਕੇਕੈਸ਼ ਕਢਵਾ ਕੇ ਜੰਗਲ ਦੇ ਰੁੱਖਾਂ ਲਈਸੀਮੈਂਟ ਜੰਗਲੇ (ਟਰੀ ਗਾਰਡ) ਬਣਾਉਣ ਬਦਲੇ 45,69,000 ਰੁਪਏ ਅਤੇ ਬਾਂਸ ਦੇ ਟਰੀ ਗਾਰਡ ਬਦਲੇ 7 ਲੱਖ ਰੁਪਏ ਦੇ ਗਬਨ ਰਾਹੀਂ ਪੰਜਾਬ ਸਰਕਾਰ ਨੂੰ ਕੁੱਲ 52 ਲੱਖ 69,000 ਰੁਪਏ ਦਾ ਵਿੱਤੀ ਨੁਕਸਾਨ ਪੁਚਾਉਣ ਦੇ ਦੋਸ਼ ਹੇਠ ਦੋਸ਼ੀ ਨਾਮਜ਼ਦ ਕਰਨ ਪਿੱਛੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਬਾਰੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ 6 ਜੂਨ 2022 ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਹੇਠਕੇਸ ਨੰਬਰ 7 ਵਿਜੀਲੈਂਸ ਬਿਊਰੋ ਦੇ ਫਲਾਇੰਗ ਦਸਤਾ ਪੰਜਾਬ ਦੇ ਥਾਣਾ ਮੋਹਾਲੀ ਵਿਖੇ ਦਰਜ ਕੀਤਾ ਸੀ। ਇਸ ਕੇਸ ਦੀ ਜਾਂਚਤੋਂ ਪਤਾ ਲੱਗਾ ਕਿ ਸੁਖਵਿੰਦਰ ਸਿੰਘ ਨਵੰਬਰ 2021 ਤੋਂ ਵਣ ਰੇਂਜ ਅਫ਼ਸਰ ਬੁਢਲਾਡਾ ਸੀ ਅਤੇ ਓਦੋਂ ਅਮਿਤ ਚੌਹਾਨ, ਆਈਐੱਫਐੱਸ (ਇੰਡੀਅਨ ਫਾਰੈਸਟ ਸਰਵਿਸ) ਵੀ ਮਾਨਸਾ ਵਿੱਚ ਜੰਗਲਾਤ ਰੇਂਜ ਅਫ਼ਸਰ ਸੀ। ਸਾਲ 2021 ਵਿੱਚਕੱਟੇ ਗਏ ਰੁੱਖਾਂ ਬਦਲੇ ਨਵੇਂ ਰੁੱਖ ਲਾਉਣ (ਕੰਪਨਸੇਟਰੀ ਅਫਾਰੈਸਟੇਸ਼ਨ) ਦੀ ਸਕੀਮ ਹੇਠ ਚੀਫ ਫਾਰੈਸਟ ਅਫਸਰ ਨੇ 5872 ਆਰਸੀਸੀ (ਟਰੀ ਗਾਰਡ) ਖਰੀਦਣ ਲਈ ਮਾਨਸਾ ਮੰਡਲ ਨੂੰ ਪ੍ਰਵਾਨਗੀ ਦਿੱਤੀ ਤਾਂ ਓਦੋਂ 2537 ਟਰੀ ਗਾਰਡ ਬਣਵਾਉਣ ਲਈ ਵਣ ਮੰਡਲ ਅਫ਼ਸਰ ਮਾਨਸਾ ਨੇ ਰੇਂਜ ਬੁਢਲਾਡਾ ਨੂੰ 45,69,000 ਰੁਪਏ ਦਾ ਬਜਟ ਦਿੱਤਾ ਸੀ।ਉਨ੍ਹਾਂ ਦੱਸਿਆ ਕਿ ਉਸ ਸਕੀਮ ਅਧੀਨ ਵਣ ਰੇਂਜ ਅਫ਼ਸਰ ਬੁਢਲਾਡਾ ਨੇ ਸੀਮੈਂਟ ਦੇ 2537 ਟਰੀ ਗਾਰਡ ਲਈ ਮੈਸਰਜ਼ ਅੰਬੇ ਸੀਮੈਂਟ ਸਟੋਰ, ਚੰਨੋ, ਜ਼ਿਲ੍ਹਾ ਸੰਗਰੂਰ ਅਤੇ ਐੱਨਐੱਸ ਜੈਨ ਸੀਮੈਂਟ ਐਂਡ ਐਕਸੈਸਰੀਜ਼ ਸਟੋਰ ਪਟਿਆਲਾ ਨਾਂਅ ਦੀਆਂ ਫਰਮਾਂ ਤੋਂ ਖਰੀਦਣਦੇ ਬਿੱਲ ਲਏ, ਪਰ ਇਨ੍ਹਾਂ ਬਿੱਲਾਂ ਉੱਤੇ ਲਿਖੀ ਫਰਮ, ਉਸ ਦੇ ਜੀਐੱਸਟੀ. ਨੰਬਰਾਂ ਅਤੇ ਸੰਪਰਕ ਨੰਬਰਾਂ ਦੀ ਜਾਂਚ ਤੋਂ ਪਤਾ ਲੱਗਾ ਕਿ ਓਥੇ ਦੋਵੇਂ ਨਾਵਾਂ ਤੇ ਪਤੇ ਵਾਲੀਆਂ ਫਰਮਾਂ ਹੀ ਨਹੀਂ। ਇਨ੍ਹਾਂ ਫਰਮਾਂ ਦੇ ਬਿੱਲਾਂ ਉੱਤੇ ਲਿਖੇ ਜੀਐੱਸਟੀ ਨੰਬਰ ਵੀ ਵਿਭਾਗ ਨੇ ਜਾਰੀ ਨਹੀਂ ਕੀਤੇ ਅਤੇ ਸਾਰੇ ਫਰਜ਼ੀ ਹਨ ਅਤੇ ਸੰਪਰਕ ਨੰਬਰ ਵੀ ਗਲਤ ਹਨ। ਬੁਲਾਰੇ ਨੇ ਦੱਸਿਆ ਕਿ ਬਜਟ ਦੀ ਇਹ ਰਕਮ ਸੁਖਵਿੰਦਰ ਸਿੰਘ ਦੇ ਕਹਿਣ ਉੱਤੇ ਨਕਦ ਕਢਵਾਈ ਗਈ ਸੀ।

ਅਗਲੀ ਜਾਂਚ ਵਿੱਚ ਵਿਜੀਲੈਂਸ ਬਿਊਰੋ ਨੂੰ ਇਹ ਪਤਾ ਲੱਗਾ ਕਿ ਸੀਮੈਂਟ ਦੇ 2537 ਟਰੀ ਗਾਰਡਾਂ ਲਈ ਵਣ ਰੇਂਜ ਅਫ਼ਸਰ ਬੁਢਲਾਡਾ ਨੇ ਓਦੋਂ ਵਣ ਰੇਂਜ ਅਫ਼ਸਰ ਮਾਨਸਾ ਅਮਿਤ ਚੌਹਾਨ ਨਾਲ ਮਿਲਕੇ ਫਰਜ਼ੀ ਫਰਮਾਂ ਦੇ ਜਾਅਲੀ ਬਿੱਲ ਬਣਾ ਕੇ 45 ਲੱਖ 69,000 ਰੁਪਏ ਦਾ ਸਰਕਾਰੀ ਪੈਸਾ ਹੜੱਪਿਆ ਹੈ ਤੇ ਇਹ ਵੀ ਪਤਾ ਲੱਗਾ ਕਿ ਸੁਖਵਿੰਦਰ ਸਿੰਘ ਨੇ ਦਸੰਬਰ 2021 ਵਿੱਚ 7 ਲੱਖ ਰੁਪਏ ਦੇ ਬਾਂਸ ਦੇ ਟਰੀ ਗਾਰਡ ਗੁਰੂ ਕਿਰਪਾ ਬੰਬੂ ਸਟੋਰ ਮਾਨਸਾ ਨਾਂਅ ਦੀ ਫਰਮ ਕੋਲੋਂ ਵੱਖ-ਵੱਖ ਬਿੱਲਾਂ ਰਾਹੀਂ ਖਰੀਦੇ ਸਨ, ਪਰ ਉਸ ਪਤੇ ਉੱਤੇ ਇਹ ਫਰਮ ਨਹੀਂ ਹੈ।ਇਨ੍ਹਾਂ ਬਿੱਲਾਂ ਉੱਤੇ ਲਿਖਿਆ ਇਨਕਮ ਟੈਕਸ ਦਾ ਪੈਨ ਨੰਬਰ ਵੀ ਫਰਜ਼ੀ ਨਿਕਲਿਆ, ਜਿਸ ਤੋਂ ਸਾਫ ਹੈ ਕਿ ਵਣ ਰੇਂਜ ਅਫ਼ਸਰ ਬੁਢਲਾਡਾ ਨੇਓਦੋਂ ਵਾਲੇ ਵਣ ਰੇਂਜ ਅਫ਼ਸਰ ਮਾਨਸਾ ਨਾਲ ਮਿਲਕੇ ਫਰਜ਼ੀ ਫਰਮਾਂ ਦੇ ਝੂਠੇ ਬਿੱਲ ਬਣਾ ਕੇ 7 ਲੱਖ ਰੁਪਏ ਗਬਨ ਕੀਤਾ ਹੈ।ਬੁਲਾਰੇ ਨੇ ਦੱਸਿਆ ਕਿ ਅਸਲ ਵਿੱਚ ਸੁਖਵਿੰਦਰ ਸਿੰਘ ਨੇ ਅਮਿਤ ਚੌਹਾਨ ਅਤੇ ਹੋਰਨਾਂ ਨਾਲ ਮਿਲਕੇ ਫਰਜ਼ੀ ਫਰਮਾਂ ਦੇ ਬਿੱਲ ਬਣਾ ਕੇ ਫਰਜ਼ੀ ਦਸਖਤ ਕਰ ਕੇ ਸਰਕਾਰੀ ਰਕਮ ਨੂੰ ਵੱਖਰੇ ਬੈਂਕ ਖਾਤੇ ਵਿੱਚਟਰਾਂਸਫਰ ਕਰਕੇ ਨਕਦ ਲੈ ਲਿਆ ਤੇ ਵੱਖ-ਵੱਖ ਤਰ੍ਹਾਂ ਦੇ ਟਰੀ ਗਾਰਡ ਬਣਾਉਣ ਲਈ ਮਿਲੇ ਸਰਕਾਰੀ ਬਜਟ ਦੇ 52 ਲੱਖ 69,000 ਰੁਪਏ ਹੜੱਪ ਲਏ। ਇਸ ਕਰਕੇ ਸੁਖਵਿੰਦਰ ਸਿੰਘ ਵਣ ਰੇਂਜ ਅਫ਼ਸਰ ਬੁਢਲਾਡਾ ਨੂੰ ਗ੍ਰਿਫ਼ਤਾਰ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ।


# 9 ਰਾਜਾਂ ਦੇ 'ਹਿੰਦੂ' ਭਾਈਚਾਰੇ ਨੂੰ'ਘੱਟ ਗਿਣਤੀ' ਐਲਾਨਣ ਦੀ ਮੰਗ ਉੱਠੀ

*** ਸੁਪਰੀਮ ਕੋਰਟ ਨੇ ਕੇਂਦਰ ਤੋਂ ਜਵਾਬ ਮੰਗਿਆ**

ਨਵੀਂ ਦਿੱਲੀ, 30 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਕੁਝ ਰਾਜਾਂ ਵਿੱਚਹਿੰਦੂਆਂ ਨੂੰ ਘੱਟ ਗਿਣਤੀ ਐਲਾਨ ਕਰਨ ਦੀ ਮੰਗ ਫਿਰ ਉੱਠੀ ਹੈ।ਕੇਂਦਰ ਸਰਕਾਰ ਨੇ ਪੰਜਾਬ ਸਣੇ 9 ਰਾਜਾਂ ਵਿੱਚਹਿੰਦੂਆਂ ਨੂੰ ਘੱਟ ਗਿਣਤੀ ਮੰਨਣ ਬਾਰੇ ਸੁਪਰੀਮ ਕੋਰਟ ਵਿੱਚਐਫੀਡੇਵਿਟ ਪੇਸ਼ ਕੀਤਾ ਹੈ, ਜਿਸ ਰਾਹੀਂ ਸਰਕਾਰ ਨੇ ਕੋਰਟ ਵਿੱਚ ਕਿਹਾ ਕਿ ਇਸ ਬਾਰੇ ਅਜੇ ਕਈ ਰਾਜਾਂ ਦੀ ਰਾਏ ਦੀ ਉਡੀਕ ਹੈ ਤੇ ਜਦੋਂ ਤਕ ਰਾਏ ਨਹੀਂ ਮਿਲਦੀ, ਉਦੋਂ ਤਕ ਕੇਸ ਦੀ ਸੁਣਵਾਈ ਟਾਲ ਦਿੱਤੀ ਜਾਵੇ।ਸਰਕਾਰ ਨੇ ਸੁਪਰੀਮ ਕੋਰਟ ਤੋਂ ਰਾਜਾਂਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਇਸ ਮੁੱਦੇ ਉੱਤੇ ਬੈਠਕ ਲਈ ਸਮਾਂ ਮੰਗਿਆ ਹੈ, ਜਿਸ ਪਿੱਛੋਂ ਕੋਰਟ ਨੇ ਕੇਂਦਰ ਨੂੰ ਹੋਰ 6 ਹਫਤੇ ਦਾ ਸਮਾਂ ਦੇ ਕੇ ਅੰਤਿਮ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ।

ਕਥਾ-ਵਾਚਕ ਦੇਵਕੀ ਨੰਦਨ ਠਾਕੁਰ ਮਹਾਰਾਜ ਨੇ 9 ਰਾਜਾਂ ਦੇਹਿੰਦੂਆਂ ਨੂੰ ਘੱਟ ਗਿਣਤੀ ਦਰਜੇ ਦੀ ਮੰਗ ਕੀਤੀ ਸੀ। ਉਨ੍ਹਾਂ ਨੇਅਰਜ਼ੀ ਵਿੱਚ ਨੈਸ਼ਨਲ ਕਮਿਸ਼ਨ ਫਾਰ ਮਾਈਨੋਰਿਟੀ ਦੇ 1992 ਐਕਟ ਦੀ ਧਾਰਾ-2 ਸੀ ਨੂੰ ਚੁਣੌਤੀ ਦਿੱਤੀ ਅਤੇ ਉਨ੍ਹਾਂ ਰਾਜਾਂ ਵਿੱਚ ਹਿੰਦੂਆਂ ਨੂੰ 'ਘੱਟ ਗਿਣਤੀ' ਦਾ ਦਰਜਾ ਦੇਣ ਦੀ ਮੰਗ ਕੀਤੀ ਹੈ, ਜਿੱਥੇ ਹਿੰਦੂਆਂ ਦੀ ਗਿਣਤੀ ਹੋਰ ਧਰਮਾਂ ਦੇ ਲੋਕਾਂ ਤੋਂ ਕਾਫੀ ਘੱਟ ਹੈ। ਉਨ੍ਹਾਂ ਅਰਜ਼ੀ ਵਿੱਚ ਕਿਹਾ ਕਿ ਘੱਟ ਗਿਣਤੀ ਭਾਈਚਾਰੇ ਨੂੰ ਖਾਸ ਅਧਿਕਾਰ ਮਿਲਦੇ ਹਨ, ਪਰ ਕੁਝ ਰਾਜਾਂ ਵਿੱਚਹਿੰਦੂਘੱਟ ਗਿਣਤੀ ਵਿੱਚ ਹੋ ਕੇ ਵੀਇਨ੍ਹਾਂਖਾਸ ਅਧਿਕਾਰਾਂ ਤੋਂ ਵਾਂਝੇ ਹਨ ਅਤੇਹਿੰਦੂਘੱਟ ਗਿਣਤੀਆਂ ਨੂੰ ਇਨ੍ਹਾਂ ਅਧਿਕਾਰਾਂ ਤੋਂ ਵਾਂਝੇ ਰੱਖਣਾ ਸੰਵਿਧਾਨ ਦੇ ਨਿਯਮਾਂ ਦੇ ਉਲਟ ਹੈ।

ਪਟੀਸ਼ਨ ਵਿੱਚ ਜਿਨ੍ਹਾਂ ਰਾਜਾਂ ਦੇਹਿੰਦੂਆਂ ਲਈਘੱਟ ਗਿਣਤੀ ਦਰਜਾ ਮੰਗਿਆ ਗਿਆ, ਉਨ੍ਹਾਂ ਵਿੱਚ ਪੰਜਾਬ, ਜੰਮੂ-ਕਸ਼ਮੀਰ, ਲੱਦਾਖ, ਨਾਗਾਲੈਂਡ, ਮੀਜ਼ੋਰਮ, ਮਣੀਪੁਰ, ਮੇਘਾਲਿਆ, ਅਰੁਣਾਚਲ ਪ੍ਰਦੇਸ਼ ਤੇ ਲਕਸ਼ਦੀਪ ਸ਼ਾਮਲ ਹਨ।ਇਸ ਪਟੀਸ਼ਨਦੇ ਮੁਤਾਬਕ ਲੱਦਾਖ ਵਿੱਚਹਿੰਦੂਗਿਣਤੀ 1 ਫੀਸਦੀ, ਮੀਜ਼ੋਰਮ ਵਿੱਚ 2.75 ਫੀਸਦੀ, ਲਕਸ਼ਦੀਪ ਵਿੱਚ 2.77 ਫੀਸਦੀ, ਜੰਮੂ ਕਸ਼ਮੀਰ4 ਫੀਸਦੀ, ਨਾਗਾਲੈਂਡ8.74 ਫੀਸਦੀ, ਮੇਘਾਲਿਆ11.53 ਫੀਸਦੀ, ਅਰੁਣਾਚਲ ਪ੍ਰਦੇਸ਼29 ਫੀਸਦੀ, ਪੰਜਾਬ ਵਿੱਚ 38.49 ਫੀਸਦੀ ਅਤੇ ਮਣੀਪੁਰ ਵਿੱਚ 41.29 ਫੀਸਦੀ ਹੈ।

# ਦੁਰਗਿਆਣਾ ਮੰਦਰ ਵਿਚਲੇ ਭੈਰੋਂ ਮੰਦਰ ਵਿੱਚ ਸ਼ਰਾਬ ਚੜ੍ਹਾਉਣ ਵਾਲੀ ਕੁਰੀਤੀ ਬੰਦ ਕਰਵਾਈ ਗਈ

ਅੰਮ੍ਰਿਤਸਰ, 30 ਅਗਸਤ, (ਪੋਸਟ ਬਿਊਰੋ)- ਸ਼੍ਰੀ ਦੁਰਗਿਆਣਾ ਤੀਰਥ ਵਿੱਚ ਪ੍ਰਾਚੀਨ ਭੈਰੋਂ ਨਾਥ ਮੰਦਰ ਵਿੱਚਅੱਗੇ ਤੋਂ ਸ਼ਰਾਬ ਨਹੀਂ ਚੜ੍ਹਾਈ ਜਾਵੇਗੀ। ਇਸ ਉੱਤੇ ਸ਼੍ਰੀ ਦੁਰਗਿਆਣਾ ਤੀਰਥ ਪ੍ਰਬੰਧਕ ਕਮੇਟੀ ਨੇ ਪਾਬੰਦੀ ਲਾ ਦਿੱਤੀ ਅਤੇ ਇਸ ਦੇ ਨਾਲ ਹੀ ਏਥੇ ਸ਼ਰਾਬ ਪੀਣ ਦੀ ਵੀ ਮਨਾਹੀ ਕਰ ਦਿੱਤੀ ਗਈ ਹੈ।

ਭੈਰੋਂ ਮੰਦਰ ਵਿੱਚ ਸ਼ਰਾਬ ਚੜ੍ਹਾਉਣ ਦਾ ਰਿਵਾਜ਼ ਕਈ ਦਹਾਕਿਆਂ ਤੋਂ ਚੱਲਦਾ ਸੀ।ਭੈਰੋਂ ਦੀ ਪੂਜਾ ਦੌਰਾਨ ਲੋਕ ਏਥੇ ਸ਼ਰਾਬ ਲਿਆ ਕੇ ਚੜ੍ਹਾਉਂਦੇ ਅਤੇ ਅੰਦਰ ਬੈਠੀ ਇੱਕ ਔਰਤ, ਜੋ ਮਹੰਤ ਹੋਣ ਦਾ ਦਾਅਵਾ ਕਰਦੀ ਹੈ, ਇਹ ਸ਼ਰਾਬ ਵੇਚਦੀ ਸੀ। ਇਹ ਜਾਣਕਾਰੀ ਸ਼੍ਰੀ ਦੁਰਗਿਆਣਾ ਤੀਰਥ ਦੀ ਨਵੀਂ ਚੁਣੀ ਪ੍ਰਧਾਨ ਪ੍ਰੋ. ਲਕਸ਼ਮੀਕਾਂਤਾ ਚਾਵਲਾ ਨੂੰ ਮਿਲੀ ਤਾਂ ਉਸ ਨੇ ਉਸ ਔਰਤ ਤੇ ਮੰਦਰ ਦੇ ਮਹੰਤ ਨੂੰ ਫੋਨ ਕਰਕੇ ਇਸ ਬਾਰੇ ਜਵਾਬ ਮੰਗਿਆ। ਉਸ ਔਰਤ ਨੇ ਕਿਹਾ ਕਿ ਮੰਦਰ ਵਿੱਚ ਸ਼ਰਾਬ ਚੜ੍ਹਦੀ ਹੈ, ਪਰ ਉਹ ਵੇਚਦੀ ਨਹੀਂ, ਪ੍ਰਸ਼ਾਦ ਚੜ੍ਹਾਉਣ ਤੋਂ ਬਚਦੀ ਸ਼ਰਾਬ ਨੂੰ ਗਟਰ ਵਿੱਚ ਸੁੱਟੀ ਜਾਂਦੀ ਹੈ। ਪ੍ਰੋ. ਚਾਵਲਾ ਨੇ ਕਿਹਾ ਕਿ ਮੰਦਰ ਵਿੱਚ ਸ਼ਰਾਬ ਨਹੀਂ ਚੜ੍ਹੇਗੀ, ਇਸ ਨਾਲ ਤੀਰਥ ਦੀ ਪਵਿੱਤਰਤਾ ਭੰਗ ਹੁੰਦੀ ਹੈ। ਭੈਰੋਂ ਮੰਦਰ ਵੀ ਸ਼੍ਰੀ ਦੁਰਗਿਆਣਾ ਤੀਰਥ ਵਿੱਚਹੀ ਬਣਿਆ ਹੈ, ਇਸ ਲਈ ਏਥੇ ਸ਼ਰਾਬ ਦਾ ਕੋਈ ਕੰਮ ਨਹੀਂ।

ਇਸ ਤੋਂ ਬਾਅਦ ਸ਼੍ਰੀ ਦੁਰਗਿਆਣਾ ਕਮੇਟੀ ਨੇ ਮੰਦਰ ਦੇ ਆਲੇ-ਦੁਆਲੇ ਬੈਨਰ ਲਾ ਦਿੱਤੇ ਹਨ, ਜਿਨ੍ਹਾਂ ਉੱਤੇ ਸਾਫ਼ ਲਿਖਿਆ ਹੈ ਕਿ ਮੰਦਰ ਦੇ ਚੌਗਿਰਦੇ ਵਿੱਚ ਸ਼ਰਾਬ ਲਿਆਉਣ ਜਾਂ ਪੀਣਦੀ ਸਖਤ ਪਾਬੰਦੀ ਹੈ। ਜੇ ਕੋਈ ਅਜਿਹਾ ਕਰਦਾ ਮਿਲੇਗਾ ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਖੋਜਕਾਰ ਨਰੇਸ਼ ਜੌਹਰ ਦਾ ਕਹਿਣਾ ਹੈ ਕਿ ਭੈਰੋਂ ਨਾਥ ਨੂੰ ਸੋਮ-ਰਸ ਚੜ੍ਹਾਉਣ ਦੀ ਪ੍ਰਥਾ ਰਹੀ ਸੀ ਅਤੇ ਸੋਮ-ਰਸ ਕੁਦਰਤੀ ਤੌਰ ਉੱਤੇਬਣਿਆ ਪੀਣ ਦਾ ਪਦਾਰਥ ਹੈ। ਇਸ ਨੂੰ ਦੁੱਧ ਵਿੱਚ ਮਿਲਾ ਕੇ ਦੇਵੀ-ਦੇਵਤਿਆਂ ਨੂੰ ਚੜ੍ਹਾਇਆ ਜਾਂਦਾ ਸੀ।ਅੱਜਕੱਲ੍ਹ ਸੋਮ-ਰਸ ਦੀ ਥਾਂ ਕਈ ਥਾਂ ਸ਼ਰਾਬ ਚੜ੍ਹਾਈ ਜਾਂਦੀ ਹੈ। ਰਿਗਵੇਦ ਮੁਤਾਬਕ ਸੋਮ ਨਾਂ ਦਾ ਪੌਦਾ ਰਾਜਸਥਾਨ, ਉੜੀਸਾ ਤੇ ਹਿਮਾਚਲ ਵਿੱਚ ਹੁੰਦਾ ਹੈ, ਉਸ ਦਾ ਰਸ ਦੁੱਧ ਵਿਚ ਮਿਲਾ ਕੇ ਦੇਵਤਿਆਂ ਨੂੰ ਚੜ੍ਹਾਇਆ ਜਾਂਦਾ ਹੈ।

# ਅੰਨਾ ਹਜ਼ਾਰੇ ਨੇ 'ਸ਼ਰਾਬ ਨੀਤੀ' ਉੱਤੇ ਕੇਜਰੀਵਾਲ ਨੂੰ ਚਿੱਠੀ ਲਿਖ ਕੇ ਵਿਰੋਧ ਜਤਾਇਆ

ਨਵੀਂ ਦਿੱਲੀ, 30 ਅਗਸਤ, (ਪੋਸਟ ਬਿਊਰੋ)- ਦਿੱਲੀ ਵਿੱਚਐਕਸਾਈਜ਼ ਨੀਤੀ ਵਿੱਚ ਘਪਲੇ ਦੇ ਦੋਸ਼ਾਂ ਵਿੱਚ ਘਿਰੀ ਹੋਈ ਆਮ ਆਦਮੀ ਪਾਰਟੀ ਦੇਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਚਿੱਠੀ ਲਿਖੀ ਅਤੇ ਕੁਝ ਪੁਰਾਣੀਆਂ ਗੱਲਾਂ ਯਾਦ ਦਿਵਾ ਕੇ ਲਿਖਿਆ ਹੈ ਕਿ ਵੱਡੇ ਅੰਦੋਲਨ ਤੋਂ ਉਪਜੀ ਕਿਸੇ ਸਿਆਸੀ ਪਾਰਟੀ ਨੂੰ ਅਜਿਹੀ ਨੀਤੀ ਲਿਆਉਣਾ ਸ਼ੋਭਾ ਨਹੀਂ ਦਿੰਦਾ। ਇਸ ਦੇ ਨਾਲ ਅੰਨਾ ਹਜ਼ਾਰੇ ਨੇ ਇਸ ਚਿੱਠੀਵਿੱਚ ਸ਼ਰਾਬਨਾਲ ਜੁੜੀਆਂ ਸਮੱਸਿਆਵਾਂ ਬਾਰੇ ਕੁਝ ਅਹਿਮ ਸੁਝਾਅ ਵੀ ਦਿੱਤੇ ਹਨ।




ਅਰਵਿੰਦ ਕੇਜਰੀਵਾਲ ਨੂੰ ਲਿਖੀ ਚਿੱਠੀ ਵਿੱਚ ਅੰਨਾ ਨੇ ਕਿਹਾ ਕਿ ਤੁਹਾਡੇ ਮੁੱਖ ਮੰਤਰੀ ਬਣਨ ਪਿੱਛੋਂਪਹਿਲੀ ਵਾਰ ਤੁਹਾਨੂੰ ਚਿੱਠੀ ਲਿਖ ਰਿਹਾ ਹਾਂ। ਕਈ ਦਿਨਾਂ ਤੋਂ ਦਿੱਲੀ ਸਰਕਾਰ ਦੀ ਸ਼ਰਾਬ ਨੀਤੀ ਬਾਰੇ ਖਬਰਾਂ ਪੜ੍ਹ ਕੇ ਬਹੁਤ ਦੁੱਖ ਹੁੰਦਾ ਹੈ। ਤੁਸੀਂ ਲੋਕਪਾਲ ਅੰਦੋਲਨ ਕਾਰਨ ਸਾਡੇ ਨਾਲ ਜੁੜੇ ਤੇ ਉਦੋਂ ਤੋਂ ਤੁਸੀਂ ਤੇ ਮਨੀਸ਼ ਸਿਸੋਦੀਆ ਕਈ ਵਾਰ ਸਾਡੇ ਪਿੰਡ ਰਾਲੇਗਣਸਿੱਧੀ ਆ ਚੁੱਕੇ ਹੋ,ਬੀਤੇ 35 ਸਾਲਾਂ ਤੋਂ ਸਾਡੇ ਪਿੰਡ ਵਿੱਚ ਸ਼ਰਾਬ, ਬੀੜੀ, ਸਿਗਰਟ ਨਹੀਂ ਵਿਕਦੀ, ਇਹ ਵੇਖ ਕੇ ਤੁਸੀਂ ਪ੍ਰੇਰਿਤ ਹੋਏ ਸੀ। ਤੁਸੀਂ ਇਸ ਦੀ ਪ੍ਰਸ਼ੰਸਾ ਕੀਤੀ ਸੀ।ਅੰਨਾ ਨੇ ਲਿਖਿਆ ਹੈ: 'ਤੁਸੀਂ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਸਰਵਾਜ ਨਾਂ ਦੀ ਕਿਤਾਬ ਲਿਖੀ ਸੀ, ਜਿਸ ਵਿੱਚ ਗ੍ਰਾਮ ਸਭਾ, ਸ਼ਰਾਬ ਨੀਤੀ ਬਾਰੇ ਵੱਡੀਆਂ ਗੱਲਾਂ ਵੀ ਲਿਖੀਆਂ ਸਨ। ਉਦੋਂ ਤੁਹਾਡੇ ਤੋਂ ਬੜੀਆਸ ਸੀ, ਸਿਆਸਤ ਵਿੱਚ ਜਾ ਕੇ ਮੁੱਖ ਮੰਤਰੀ ਬਣਨ ਮਗਰੋਂ ਤੁਸੀਂ ਆਦਰਸ਼ ਸੋਚਣੀ ਭੁੱਲ ਗਏ। ਜਿੱਦਾਂ ਸ਼ਰਾਬ ਦਾ ਨਸ਼ਾ ਹੈ, ਓਦਾਂ ਹੀ ਸੱਤਾ ਦਾ ਨਸ਼ਾ ਹੈ।ਏਦਾਂ ਲੱਗਦਾ ਹੈ ਕਿ ਤੁਸੀਂ ਵੀ ਸੱਤਾ ਦੇ ਨਸ਼ੇ ਵਿੱਚ ਡੁੱਬ ਗਏ ਹੋ। ਇਸ ਲਈ ਦਿੱਲੀਰਾਜ ਵਿੱਚ ਤੁਹਾਡੀ ਸਰਕਾਰ ਨੇ ਨਵੀਂ ਸ਼ਰਾਬ ਨੀਤੀ ਬਣਾਈ, ਜਿਸ ਨਾਲ ਸ਼ਰਾਬ ਦੀ ਵਿਕਰੀ ਅਤੇ ਸ਼ਰਾਬ ਪੀਣ ਨੂੰ ਹੱਲਾਸ਼ੇਰੀ ਮਿਲ ਸਕਦੀ ਹੈ ਅਤੇ ਗਲੀ-ਗਲੀ ਵਿੱਚ ਸ਼ਰਾਬ ਦੀਆਂ ਦੁਕਾਨਾਂ ਖੁੱਲ੍ਹ ਸਕਦੀਆਂ ਹਨ। ਇਸ ਨਾਲ ਭ੍ਰਿਸ਼ਟਾਚਾਰ ਨੂੰ ਵਧਾਵਾ ਮਿਲ ਸਕਦਾ ਹੈ, ਇਹ ਗੱਲ ਜਨਤਾ ਦੇ ਹਿੱਤ ਵਿੱਚ ਨਹੀਂ ਹੈ।

## ਅ[ਅੱਜ ਨਾਮਾ>>

ਛਾਪੇ ਸੁਣਿਆ ਕਈ ਪਏ ਸਿਸੋਦੀਆ'ਤੇ,
ਹਰ ਥਾਂ ਹੁੰਦੀ ਤਲਾਸ਼ ਪਈ ਸੁਣੇ ਮੀਆਂ।
ਅਫਸਰ ਵਾਂਗ ਭੰਬੀਰੀ ਕਈ ਘੁੰਮੀ ਜਾਂਦੇ,
ਲਾਏ ਕਾਰਿੰਦੇ ਵੀ ਖਾਸ ਆ ਚੁਣੇ ਮੀਆਂ।
ਫੋਲਦੇ ਬੈਂਕਾਂ ਵੀ, ਘਰ ਪਏ ਮਿਣੀ ਜਾਂਦੇ,
ਮਾਰਦਾ ਜੱਟ ਜਿਉ ਖੇਤ ਦੇ ਗੁਣੇ ਮੀਆਂ।
ਨੇੜੇ-ਤੇੜੇ ਦੀ ਸਾਂਝ ਕੋਈ ਛੱਡਣੀ ਨਹੀਂ,
ਜਾਣਗੇ ਸਾਕ ਜਾਂ ਅੰਗ ਸਭ ਪੁਣੇ ਮੀਆਂ।
ਏਧਰੋਂ ਮਿਲੂ ਜਦ ਵਿਹਲ ਏਜੰਸੀਆਂ ਨੂੰ,
ਬਿਹਾਰ ਵੱਲ ਨੂੰ ਦੌੜ ਜਾਊ ਲੱਗ ਮੀਆਂ।
ਕਰਨਾ ਕੇਂਦਰ ਦਾ ਜਿਹੜਾ ਵਿਰੋਧ ਚਾਹੇ,
ਸਾਂਭ ਕੇ ਆਵੇ ਟਰੰਕ ਵਿੱਚ ਪੱਗ ਮੀਆਂ।

**ਤੀਸ ਮਾਰ ਖਾਂ**

# ਪੰਜਾਬ ਸਰਕਾਰ ਨੇ ਪੇਂਡੂ ਵਿਕਾਸ ਫੰਡਾਂ ਉਤੋਂ ਰੋਕ ਹਟਾਈ

* ਪਿੰਡਾਂ ਦੇ ਵਿਕਾਸ ਦਾ ਰਾਹ ਪੱਧਰਾ

ਚੰਡੀਗੜ੍ਹ, 30 ਅਗਸਤ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਪੇਂਡੂ ਵਿਕਾਸ ਨਾਲ ਸਬੰਧਤ ਗਰਾਂਟਾਂ ਉੱਤੇ ਲਾਈ ਗਈ ਪਾਬੰਦੀ ਹਟਾ ਦਿੱਤੀ ਹੈ, ਜਿਸ ਦੇ ਬਾਅਦ ਸੈਂਕੜੇ ਪੰਚਾਇਤਾਂ ਪੇਂਡੂ ਵਿਕਾਸ ਲਈ ਮਿਲੇ ਫੰਡਵਰਤ ਸਕਣਗੀਆਂ। ਆਮ ਆਦਮੀ ਪਾਰਟੀ ਦੀ ਸਰਕਾਰ ਨੇ 22 ਮਾਰਚ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ 11 ਤਰ੍ਹਾਂ ਦੇ ਫੰਡਾਂ ਦੀ ਵਰਤੋਂ ਉੱਤੇ ਰੋਕ ਲਾ ਦਿੱਤੀ ਸੀ। ਇਸ ਵਿਭਾਗ ਨੇ ਉਦੋਂ ਪਾਬੰਦੀ ਲਾਉਣ ਪਿੱਛੋਂ ਤਰਕ ਦਿੱਤਾ ਸੀ ਕਿ ਗਰਾਂਟਾਂ ਦੀ ਜਾਂਚ ਕਰਾਈ ਜਾਣੀ ਹੈ। ਪਿਛਲੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਇਹ ਫੰਡ ਜਾਰੀ ਕੀਤੇ ਸਨ। ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਵੀ ਪੰਚਾਇਤੀ ਫੰਡਾਂ ਉੱਤੇ ਲਾਈ ਰੋਕ ਦਾ ਰੌਲਾ ਪਿਆ ਸੀ।

> ## ਪੰਜਾਬ ਸਰਕਾਰ ਨੇ ਪੇਂਡੂ ਵਿਕਾਸ ਫੰਡਾਂ ਉਤੋਂ ਰੋਕ ਹਟਾਈ

ਇਸ ਬਾਰੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਵਿਸ਼ੇਸ਼ ਸੈਕਟਰੀ ਨੇ ਕੱਲ੍ਹ ਸਾਰੇ ਪੰਜਾਬਭਰ ਦੇ ਅਡੀਸ਼ਨਲ ਡਿਪਟੀ ਕਮਿਸ਼ਨਰਾਂ (ਵਿਕਾਸ) ਅਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਾਂ ਨੂੰ ਪੱਤਰ ਭੇਜ ਦਿੱਤਾ ਹੈ ਕਿ ਸਾਲ 2021-22 ਦੀਆਂ ਗਰਾਂਟਾਂ ਉੱਤੇ ਜੋ ਰੋਕ ਲਾਈ ਸੀ, ਉਹ ਹਟਾਈ ਜਾਂਦੀ ਹੈ। ਪੰਚਾਇਤ ਵਿਭਾਗ ਵੱਲੋਂ ਅਖਤਿਆਰੀ ਗਰਾਂਟਾਂ, ਕੈਟਲ ਫੇਅਰ ਗਰਾਂਟਾਂ, ਪਿੰਡਾਂ ਵਿੱਚ ਤਰਲ ਵੇਸਟ ਮੈਨੇਜਮੈਂਟ ਸਕੀਮ, ਸੋਲਿਡ ਵੇਸਟ ਮੈਨੇਜਮੈਂਟ ਸਕੀਮ, ਪਿੰਡਾਂ ਵਿੱਚ ਯਾਦਗਾਰੀ ਗੇਟ ਉਸਾਰਨ ਦੀ ਸਕੀਮ ਦੀਆਂ ਗਰਾਂਟਾਂ, ਪਿੰਡਾਂ ਵਿੱਚ ਇੱਕੋ ਸ਼ਮਸ਼ਾਨਘਾਟ ਬਣਾਉਣ, ਈਸਾਈ ਤੇ ਮੁਸਲਿਮ ਭਾਈਚਾਰੇ ਲਈ ਕਬਰਿਸਤਾਨ ਦੇ ਮੁੱਢਲੇ ਵਿਕਾਸ ਲਈ ਜਗ੍ਹਾ ਅਲਾਟ ਕਰਨ, ਪਿੰਡਾਂ ਵਿੱਚ ਸੋਲਰ ਲਾਈਟਾਂ ਦੀ ਉਸਾਰੀ, ਕਮਿਊਨਿਟੀ ਸੈਂਟਰਾਂ ਦੀ ਉਸਾਰੀ ਆਦਿ ਦੀ ਗਰਾਂਟਾਂ ਤੋਂ ਪਾਬੰਦੀ ਹਟਾ ਲਈ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਪਿਛਲੇ ਸਮੇਂ ਦੌਰਾਨ ਪੰਜਾਬ ਭਰ ਵਿੱਚ ਇਨ੍ਹਾਂ ਗਰਾਂਟਾਂ ਦੀ ਜਾਂਚ ਵੀ ਕਰਵਾਈ ਸੀ, ਪਰ ਉਸ ਵਿੱਚ ਕੀ ਖ਼ਾਮੀਆਂ ਸਾਹਮਣੇ ਆਈਆਂ ਹਨ, ਅਜੇ ਉਨ੍ਹਾਂ ਦੇ ਵੇਰਵੇ ਹਾਸਲ ਨਹੀਂ ਹੋ ਸਕੇ।

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਂਦਾਂ ਹੈ
- ਧਰਨ ਚੁਕ ਅਤੇ ਬੈਕ ਪਰਾਬਲਮ
- ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

TAX & ACCOUNTING
TAX | HST REBATE | ADVISORY | ACCOUNTING | INCORPORATION | BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC MEMBER
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਹੁਨਰ ਕਾਹਲੋਂ ਦੀ ਮੁਹਿੰਮ ਨੂੰ ਕੈਲੇਡਨ ਵਾਰਡ-2 ਵਿਚ ਮਿਲ ਰਿਹੈ ਭਰਵਾਂ ਹੁੰਗਾਰਾ

## ਮੀਡੀਏ ਤੇ ਸੋਸ਼ਲ-ਮੀਡੀਏ ਨੂੰ ਦਿੱਤੀ ਜਾ ਰਹੀ ਏ ਪ੍ਰਾਥਮਿਕਤਾ



ਕੈਲੇਡਨ (ਡਾ. ਝੰਡ) – ਮਿਉਂਨਿਸਿਪਲ ਚੋਣਾਂ 24 ਅਕਤੂਬਰ ਨੂੰ ਹੋ ਰਹੀਆਂ ਹਨ। ਬੇਸ਼ਕ, ਇਨ੍ਹਾਂ ਵਿਚ ਅਜੇ ਲੱਗਭੱਗ ਸੱਤ ਹਫ਼ਤੇ ਦਾ ਸਮਾਂ ਬਾਕੀ ਹੈ ਪਰ ਇਨ੍ਹਾਂ ਦੇ ਲਈ ਚੋਣ ਸਰਗ਼ਰਮੀਆਂ ਹੁਣ ਤੋਂ ਹੀ ਕਾਫ਼ੀ ਜ਼ੋਰ ਫੜ੍ਹ ਰਹੀਆਂ ਹਨ। ਵੱਖ-ਵੱਖ ਅਹੁਦਿਆਂ ਲਈ ਇਨ੍ਹਾਂ ਵਿਚ ਹਿੱਸਾ ਲੈਣ ਵਾਲੇ ਉਮੀਦਵਾਰ ਆਪੋ-ਆਪਣੇ ਚੋਣ ਹਲਕੇ ਵਿਚ ਛੋਟੀਆਂ-ਛੋਟੀਆਂ ਨੁੱਕੜ-ਮੀਟਿੰਗਾਂ ਕਰ ਰਹੇ ਹਨ ਅਤੇ ਉਹ ਇਨ੍ਹਾਂ ਮੀਟਿੰਗਾਂ ਵਿਚ ਵੋਟਰਾਂ ਨੂੰ ਆਪਣੇ ਬਾਰੇ ਤੇ ਆਪਣੇ ਸੰਭਾਵੀ ਏਜੰਡੇ ਬਾਰੇ ਦੱਸ ਰਹੇ ਹਨ। ਕਈ ਉਮੀਦਵਾਰਾਂ ਵੱਲੋਂ ਚਾਹ-ਪਾਰਟੀਆਂ ਤੇ ਬਾਰ-ਬੀ-ਕਿਊ ਪਾਰਟੀਆਂ ਵੀ ਆਰੰਭ ਹੋ ਗਈਆਂ ਹਨ। ਕੁਝ ਇਸ ਤਰ੍ਹਾਂ ਦੀ ਸਰਗ਼ਰਮੀ ਬੀਤੇ ਦਿਨੀਂ ਕੈਲੇਡਨ ਦੇ ਵਾਰਡ ਨੰ: 2 ਵਿਚ ਵੀ ਵੇਖਣ ਨੂੰ ਮਿਲੀ। ਕੈਲੇਡਨ ਸਿਟੀ ਕੌਂਸਲਰ ਦੇ ਲਈ ਉਹ ਇੱਥੇ ਇਸ ਵਾਰਡ ਵਿਚ ਹੋਰ ਦੋ-ਤਿੰਨ ਉਮੀਦਵਾਰਾਂ ਸਮੇਤ ਪੰਜਾਬੀ ਉਮੀਦਵਾਰ ਹੁਨਰ ਕਾਹਲੋਂ ਵੀ ਮੈਦਾਨ ਵਿਚ ਹੈ। ਉਹ ਵੀ ਆਪਣੇ ਨੌਜੁਆਨ ਸਾਥੀਆਂ ਦੇ ਸਹਿਯੋਗ ਅਤੇ ਸੀਨੀਅਰ ਬਜ਼ੁਰਗਾਂ ਦੇ ਆਸ਼ੀਰਵਾਦ ਨਾਲ ਆਪਣੀ ਚੋਣ-ਮੁਹਿੰਮ ਨੂੰ ਬੜੀ ਸੂਝ-ਬੂਝ ਨਾਲ ਅੱਗੇ ਵਧਾ ਰਿਹਾ ਹੈ। ਉਸ ਦਾ ਆਪਣਾ ਅਤੇ ਉਸ ਦੇ ਸਮੱਰਥਕਾਂ ਦਾ ਕਹਿਣਾ ਹੈ ਕਿ ਉਸ ਦੀ ਚੋਣ-ਮੁਹਿੰਮ ਨੂੰ ਕੈਲਾਡਨ-ਵਾਸੀਆਂ ਵੱਲੋਂ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ। ਆਪਣੀ ਇਸ ਚੋਣ-ਮੁਹਿੰਮ ਨੂੰ ਅੱਗੇ ਵਧਾਉਂਦਿਆਂ ਹੋਇਆਂ ਹੁਨਰ ਕਾਹਲੋਂ ਵੱਲੋਂ ਲੰਘੇ ਐਤਵਾਰ ਕੈਲੇਡਨ ਦੇ ਵਾਰਡ-2 ਏਰੀਏ ਵਿਚ ਸ਼ਾਨਦਾਰ 'ਬਾਰ-ਬੀ-ਕਿਊ' ਦਾ ਆਯੋਜਨ ਕੀਤਾ ਗਿਆ ਜਿਸ ਵਿਚ ਜਿੱਥੇ ਵੱਖ-ਵੱਖ ਕਮਿਊਨਿਟੀਆਂ ਦੇ ਨੌਜੁਆਨ ਕਾਫ਼ੀ ਗਿਣਤੀ ਵਿਚ ਸ਼ਾਮਲ ਹੋਏ, ਉੱਥੇ ਸੀਨੀਅਰਜ਼ ਕਲੱਬਾਂ ਦੇ ਪ੍ਰਮੁੱਖ ਅਹੁਦੇਦਾਰ ਅਤੇ ਮੈਂਬਰਾਂ ਨੇ ਵੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਸਾਰਿਆਂ ਨੇ ਮਿਲ ਕੇ ਬਾਰ-ਬੀ-ਕਿਊ ਦਾ ਆਨੰਦ ਮਾਣਦਿਆਂ ਹੋਇਆਂ ਇਸ ਦੌਰਾਨ ਚੋਣ ਮੁਹਿੰਮ ਨੂੰ ਸਫ਼ਲਤਾ-ਪੂਰਵਕ ਅੱਗੇ ਲਿਜਾਣ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਨੌਜੁਆਨ ਆਗੂ ਸੁਰਿੰਦਰ ਮਾਵੀ ਵੱਲੋਂ ਸਾਰਿਆਂ ਦਾ ਭਰਵਾਂ ਸੁਆਗ਼ਤ ਕੀਤਾ ਗਿਆ ਅਤੇ ਹੁਨਰ ਕਾਹਲੋਂ ਵੱਲੋਂ ਆਪਣੇ ਭਵਿੱਖਮਈ ਚੋਣ-ਏਜੰਡੇ ਬਾਰੇ ਵਿਚਾਰ ਦਰਸਾਏ ਗਏ।

ਇੱਥੇ ਇਹ ਵਰਨਣਯੋਗ ਹੈ ਕਿ ਕਿ ਕੈਲੇਡਨ ਵਾਰਡ ਨੰ: 2 ਵਿਚ ਹੁਨਰ ਕਾਹਲੋਂ ਦੀ ਆਪਣੇ ਸੰਭਾਵੀ ਪ੍ਰਤੀ-ਦਵੰਦਵੀ ਰਹਿਮਤ ਗਿੱਲ ਨਾਲ ਆਪਸੀ ਸਹਿਮਤੀ ਬਣ ਜਾਣ ਤੋਂ ਬਾਅਦ ਉਹ ਹੁਣ ਕੈਲੇਡਨ ਦੇ ਵਾਰਡ ਨੰ: 1, 2 ਅਤੇ 3 ਤੋਂ ਰੀਜਨਲ ਕੌਂਸਲਰ ਵਜੋਂ ਚੋਣ ਲੜ ਰਿਹਾ ਹੈ। ਇਸ ਸਰਗ਼ਰਮੀ ਨੂੰ ਕੈਲੇਡਨ ਦੇ ਇਸ ਏਰੀਏ ਲਈ 'ਸ਼ੁਭ-ਸ਼ਗਨ' ਮੰਨਿਆ ਜਾ ਰਿਹਾ ਹੈ ਅਤੇ ਲੋਕ ਆਸ ਕਰ ਰਹੇ ਹਨ ਕਿ ਇਸ ਨਾਲ ਦੋਹਾਂ ਹੀ ਉਮੀਦਵਾਰਾਂ ਨੂੰ ਫ਼ਾਇਦਾ ਹੋਵੇਗਾ, ਕਿਉਂਕਿ ਇਸ ਤਰ੍ਹਾਂ ਉਨ੍ਹਾਂ ਦੋਹਾਂ ਦੇ ਜਿੱਤਣ ਦੀਆਂ ਵਧੇਰੇ ਸੰਭਾਵਨਾਵਾਂ ਬਣ ਸਕਦੀਆਂ ਹਨ।

ਇਸ ਮੀਟਿੰਗ ਵਿਚ ਜਿੱਥੇ ਸਥਾਨਕ ਕੈਲਾਡਨ-ਵਾਸੀਆਂ ਦੀ ਕਾਫ਼ੀ ਭਰਮਾਰ ਸੀ, ਉੱਥੇ ਬਰੈਂਪਟਨ ਤੋਂ ਕਈ ਸੁਹਿਰਦ ਸੱਜਣ ਅਤੇ ਪੰਜਾਬੀ ਮੀਡੀਏ ਦੇ ਰੇਡੀਓ, ਟੀ.ਵੀ. ਅਤੇ ਅਖ਼ਬਾਰਾਂ ਦੇ ਨੁਮਾਇੰਦੇ ਵੀ ਕਾਫ਼ੀ ਗਿਣਤੀ ਵਿਚ ਪਹੁੰਚੇ ਹੋਏ ਸਨ। ਇਸ ਦਾ ਮੁੱਖ ਕਾਰਨ ਨੌਜੁਆਨ ਹੁਨਰ ਕਾਹਲੋਂ ਦੀ ਆਪਣੀ ਲੋਕ-ਪ੍ਰੀਅਤਾ, ਉਸ ਦੇ ਪਿਤਾ ਜੀ ਮਲੂਕ ਸਿੰਘ ਕਾਹਲੋਂ ਦੀਆਂ ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਖ਼ੇਤਰ ਵਿਚ ਭਰਪੂਰ ਸਰਗ਼ਰਮੀਆਂ ਅਤੇ ਉਸ ਦੀ ਸਮੁੱਚੀ ਟੀਮ ਦੇ ਮੈਂਬਰਾਂ ਵੱਲੋਂ ਪੂਰੀ ਤਨਦੇਹੀ ਨਾਲ ਕੰਮ ਕਰਨ ਦੀ ਪ੍ਰਬਲ ਇੱਛਾ ਹੈ। ਉਸ ਦੀ ਇਸ ਚੋਣ-ਮਹਿੰਮ ਟੀਮ ਵਿਚ ਨੌਜੁਆਨ ਮੈਂਬਰਾਂ ਦੀ ਗਿਣਤੀ ਕਾਫ਼ੀ ਹੈ ਜੋ ਇਸ ਚੋਣ-ਮੁਹਿੰਮ ਨੂੰ ਸੋਸ਼ਲ-ਮੀਡੀਏ ਅਤੇ ਹੋਰ ਆਧੁਨਿਕ ਸੰਚਾਰ-ਸਾਧਨਾਂ ਰਾਹੀਂ ਅੱਗੇ ਵਧਾ ਰਹੇ ਹਨ।



ਪਿਛਲੇ ਕੁਝ ਹਫ਼ਤਿਆਂ ਤੋਂ ਹੁਨਰ ਕਾਹਲੋਂ ਮੀਡੀਏ ਵਿਚ ਵੀ ਕਾਫ਼ੀ ਸਰਗ਼ਰਮ ਹੈ। ਦੋ ਕੁ ਹਫ਼ਤੇ ਪਹਿਲਾਂ 'ਹਮਦਰਦ ਟੀ.ਵੀ.' ਦੇ ਸੰਚਾਲਕ ਅਮਰ ਸਿੰਘ ਭੁੱਲਰ ਨੇ ਉਸ ਨੂੰ ਇੰਟਰਵਿਊ ਕੀਤਾ ਸੀ ਅਤੇ ਇਸ ਹਫ਼ਤੇ 27 ਅਗੱਸਤ ਨੂੰ 'ਪੰਜਾਬੀ ਦੁਨੀਆਂ ਟੀ.ਵੀ.' ਦੇ ਸੰਚਾਲਕ ਹਰਜੀਤ ਸਿੰਘ ਗਿੱਲ ਨੇ ਉਸ ਦੇ ਨਾਲ ਕਾਫ਼ੀ ਲੰਮੀ-ਚੌੜੀ ਇੰਟਰਵਿਊ ਕੀਤੀ ਹੈ ਜਿਸ ਵਿਚ ਹੁਨਰ ਕਾਹਲੋਂ ਨੇ ਕੈਲੇਡਨ-ਵਾਸੀਆਂ ਨੂੰ ਦਰਪੇਸ਼ ਮੁਸ਼ਕਲਾਂ ਸਾਂਝੀਆਂ ਕੀਤੀਆਂ ਅਤੇ ਕੈਲੇਡਨ ਦੇ ਵਿਕਾਸ ਲਈ ਆਪਣੇ ਏਜੰਡੇ ਵਿਚ ਸ਼ਾਮਲ ਸੰਭਾਵੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਉਸ ਨੇ ਇਹ ਵੀ ਦੱਸਿਆ ਕਿ ਕੈਲੇਡਨ ਦੇ ਵਾਰਡ-2 ਵਿਚ ਸਾਰੇ ਹੀ ਨਵੇਂ ਉਮੀਦਵਾਰ ਹਨ ਪਰ ਪੁਰਾਣੇ ਕੌਂਸਲਰ ਅਤੇ ਹੋਰ ਸਿਆਸੀ ਆਗੂ ਅਜੇ ਵੀ ਉੱਥੇ ਪੂਰੀ ਤਰ੍ਹਾਂ ਅਸਰਦਾਰ ਹਨ। ਅਖ਼ਬਾਰਾਂ ਵਿਚ ਹੁਨਰ ਕਾਹਲੋਂ ਦੀਆਂ ਕਾਫ਼ੀ ਖ਼ਬਰਾਂ ਲੱਗ ਰਹੀਆਂ ਹਨ। ਇਸ ਦੇ ਨਾਲ ਹੀ ਉਹ ਵੱਖ-ਵੱਖ ਰੇਡੀਓ ਪ੍ਰੋਗਰਾਮਾਂ ਅਤੇ ਸਮਾਜਿਕ ਇਕੱਤਰਤਾਵਾਂ ਵਿਚ ਵੀ ਆਪਣੇ ਵਿਚਾਰ ਸਾਂਝੇ ਕਰ ਰਿਹਾ ਹੈ।

ਵੇਖੋ, ਅਗਲੇ ਹਫ਼ਤਿਆਂ ਵਿਚ ਉਸ ਦੀ ਚੋਣ-ਮੁਹਿੰਮ ਕੀ ਦਿਸ਼ਾ ਲੈਂਦੀ ਹੈ।

## ਜਦੋਂ ਇੱਕ ਲੀਟਰ ਸ਼ਰਾਬ ਦੀ ਬੋਤਲ ਪੰਜ ਲੱਖ ’ਚ ਪਈ

ਪਠਾਨਕੋਟ, 30 ਅਗਸਤ (ਪੋਸਟ ਬਿਊਰੋ)- ਇੱਥੇ ਇੱਕ ਕਲੱਬ ਵੱਲੋਂ ਬੀਅਰ ਬਾਰ ਵਿੱਚ ਵਿਦੇਸ਼ੀ ਸ਼ਰਾਬ ਦੀ ਬੋਤਲ ਨੂੰ ਸਜਾਉਣਾ ਉਸ ਵੇਲੇ ਮਹਿੰਗਾ ਪਿਆ ਜਦੋਂ ਐਕਸਾਈਜ਼ ਵਿਭਾਗ ਨੇ ਜੌਨੀ ਵਾਕਰ ਗੋਲਡ ਲੇਬਲ ਦੀ ਬੋਤਲ ਬਰਾਮਦ ਹੋਣ ਉੱਤੇ ਉਸ ਨੂੰ ਪੰਜ ਲੱਖ ਰੁਪਏ ਦਾ ਹਰਜ਼ਾਨਾ ਲਾ ਦਿੱਤਾ।

ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਵਿਭਾਗ ਦੀ ਟੀਮ ਨੇ ਪਠਾਨਕੋਟ ਸ਼ਹਿਰ ਵਿੱਚ ਬੀਅਰ ਬਾਰਾਂ, ਸ਼ਰਾਬ ਦੇ ਅਹਾਤਿਆਂ ਅਤੇ ਪੱਬ ਬਾਰਾਂ ਵਿੱਚ ਛਾਪਾ ਮਾਰਿਆ। ਓਦੋਂ ਪਠਾਨਕੋਟ ਕਲੱਬ ਵਿੱਚੋਂ ਇੱਕ ਲੀਟਰ ਜੌਨੀ ਵਾਕਰ ਗੋਲਡ ਲੇਬਲ ਦੀ ਬੋਤਲ ਮਿਲੀ, ਜਿਸ ਦਾ ਟੀਮ ਨੇ ਚਲਾਨ ਕੱਟ ਦਿੱਤਾ। ਇਸੇ ਤਰ੍ਹਾਂ ਅਰਬਨ ਸਟਰੀਟ ਬਾਰ ਤੋਂ ਵੀ ਛਾਪੇ ਦੌਰਾਨ ਚੰਡੀਗੜ੍ਹ ਦੀਆਂ ਵੱਖ-ਵੱਖ ਮਾਰਕੇ ਦੀਆਂ ਕਰੀਬ ਇੱਕ ਦਰਜਨ ਸ਼ਰਾਬ ਦੀਆਂ ਬੋਤਲਾਂ ਮਿਲੀਆਂ। ਛਾਪਾਮਾਰ ਟੀਮ ਦੀ ਅਗਵਾਈ ਬਟਾਲੇ ਦੇ ਈ ਟੀ ਓ ਗੌਤਮ ਗੋਬਿੰਦ ਅਤੇ ਪਠਾਨਕੋਟ ਦੀ ਈ ਟੀ ਓ ਨਰਿੰਦਰ ਵਾਲੀਆ ਕਰ ਰਹੇ ਸਨ। ਟੀਮ ਨੇ ਚੈਕਿੰਗ ਦੌਰਾਨ ਜੀ ਟੀ ਰੋਡ ਦੇ 250 ਮੀਟਰ ਦੀ ਰੇਂਜ ਵਿੱਚ ਖੁੱਲ੍ਹੇ ਹੋਏ ਠੇਕੇ ਵੀ ਬੰਦ ਕਰਵਾਏ।

ਚਲਾਨ ਕੱਟੇ ਜਾਣ ਪਿੱਛੋਂ ਵਿਭਾਗ ਦੇ ਜਲੰਧਰ ਵਿਚਲੇ ਡਿਪਟੀ ਕਮਿਸ਼ਨਰ ਨੇ ਪਠਾਨਕੋਟ ਕਲੱਬ ਦੇ ਪ੍ਰਬੰਧਕਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਜਲੰਧਰ ਬੁਲਾਇਆ ਤਾਂ ਕਲੱਬ ਪ੍ਰਬੰਧਕ ਬਾਰ ਵਿੱਚ ਵਿਦੇਸ਼ੀ ਸ਼ਰਾਬ ਰੱਖਣ ਦਾ ਉਤਰ ਨਾ ਦੇ ਸਕੇ। ਇਸ ਉੱਤੇ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਪੰਜ ਲੱਖ ਰੁਪਏ ਜੁਰਮਾਨਾ ਕਰ ਦਿੱਤਾ।












# ਇੰਸਪੀਰੇਸ਼ਨਲ ਸਟੈੱਪਸ-2022 ਹੋਈ ਸਫ਼ਲਤਾ ਪੂਰਵਕ ਸੰਪੰਨ



## 250 ਦੇ ਲਗਭਗ ਦੌੜਾਕਾਂ ਤੇ ਵਾਕਰਾਂ ਨੇ ਹਾਫ਼-ਮੈਰਾਥਨ, 12 ਕਿਲੋਮੀਟਰ ਤੇ 5 ਕਿਲੋਮੀਟਰ ਦੌੜ 'ਚ ਲਿਆ ਹਿੱਸਾ

## *ਟੀ.ਪੀ.ਈ.ਆਰ. ਕਲੱਬ ਦੇ 86 ਮੈਂਬਰ ਹੋਏ ਸ਼ਾਮਲ * ਛੋਟੇ ਬੱਚਿਆਂ ਦੀ ਇਕ ਕਿਲੋਮੀਟਰ ਦੌੜ ਵੀ ਹੋਈ






12 Km Winner    Half Marathon Winner    5 Km Winner    12 Km Winner

ਬਰੈਂਪਟਨ, (ਡਾ. ਝੰਡ) - ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਇੰਸਪੀਰੇਸ਼ਨਲ ਸਟੈੱਪਸ-2022 ਲੰਘੇ ਐਤਵਾਰ 28 ਅਗਸਤ ਨੂੰ ਡਿਕਸੀ ਗੁਰੂਘਰ ਦੇ ਸਾਹਮਣਿਉਂ ਆਰੰਭ ਹੋਈ ਅਤੇ ਇੱਥੇ ਹੀ ਇਸ ਦੀ ਸਮਾਪਤ ਹੋਈ। ਬਰੈਂਪਟਨ, ਮਿਸੀਸਾਗਾ, ਮਾਲਟਨ, ਕੈਲਾਡਨ, ਸਕਾਰਬਰੋ ਅਤੇ ਇਸ ਦੇ ਆਸ-ਪਾਸ ਦੇ ਸ਼ਹਿਰਾਂ ਤੋਂ ਇਸ ਵਿਚ 250 ਦੇ ਲੱਗਭੱਗ ਦੌੜਾਕ ਅਤੇ ਪੈਦਲ ਚੱਲਣ ਵਾਲੇ ਸ਼ਾਮਲ ਹੋਏ। ਬਰੈਂਪਟਨ ਵਿਚ ਪਿਛਲੇ 7-8 ਸਾਲ ਤੋਂ ਸਰਗ਼ਰਮ ਟੀ.ਪੀ.ਏ.ਆਰ. ਕਲੱਬ ਦੇ 86 ਮੈਂਬਰਾਂ ਨੇ ਇਸ ਵਿਚ ਭਾਗ ਲਿਆ। ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਪਹਿਨੀ ਉਹ ਦੂਰੋਂ ਹੀ ਸਾਰਿਆਂ ਦੀ ਖਿੱਚ ਦਾ ਸਬੱਬ ਬਣ ਰਹੇ ਸਨ।

ਇਸ 'ਇੰਸਪੀਰੇਸ਼ਨਲ ਸਟੈੱਪਸ-2022' ਦੀ ਇਹ ਵਿਸ਼ੇਸ਼ਤਾ ਰਹੀ ਕਿ ਇਸ ਵਾਰ ਇਹ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਗੁਰੂਘਰ ਦੇ ਸਾਹਮਣੇ ਵਾਲੀ ਪਾਰਕਿੰਗ ਤੋਂ ਸ਼ੁਰੂ ਕੀਤੀ ਗਈ ਅਤੇ ਇਸ ਦੀ ਸਮਾਪਤੀ ਵੀ ਇੱਥੇ ਹੀ ਹੋਈ। ਇਸ ਤੋਂ ਪਹਿਲਾਂ ਫੁੱਲ-ਮੈਰਾਥਨ, ਹਾਫ਼-ਮੈਰਾਥਨ, 12 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜਾਂ ਵੱਖ-ਵੱਖ ਗੁਰ ਘਰਾਂ ਸਕਾਰਬਰੋ ਗੁਰੂਘਰ, ਰਾਮਗੜ੍ਹੀਆ ਸਿੱਖ ਗੁਰੂਘਰ, ਸਿੱਖ ਸਪਿਰਿਚੂਸਲ ਸੈਂਟਰ ਅਤੇ ਮਾਲਟਨ ਗੁਰੂਘਰ ਤੋਂ ਆਰੰਭ ਹੁੰਦੀਆਂ ਸਨ ਅਤੇ ਡਿਕਸੀ ਗੁਰੂਘਰ ਵਿਖੇ ਇਨ੍ਹਾਂ ਦੀ ਸਮਾਪਤੀ ਹੁੰਦੀ ਸੀ। ਪਰ ਇਸ ਵਾਰ ਫਿੰਚ ਰੋਡ 'ਤੇ ਉਸਾਰੀ ਅਤੇ ਮੁਰੰਮਤ ਦਾ ਕੰਮ ਚੱਲਦੇ ਹੋਣ ਕਾਰਨ ਪ੍ਰਬੰਧਕਾਂ ਵੱਲੋਂ ਇਹ ਨਵਾਂ ਤਜਰਬਾ ਕੀਤਾ ਗਿਆ। ਫੁੱਲ-ਮੈਰਾਥਨ ਇਸ ਵਾਰ ਨਹੀਂ ਕਰਵਾਈ ਗਈ ਅਤੇ ਬਾਕੀ ਦੌੜਾਂ ਦਾ ਰੂਟ ਸੜਕੀ ਰਸਤੇ ਦੀ ਬਜਾਏ ਬਹੁਤਾ ਈਟੋਬੀਕੋਕ ਟਰੇਲ ਵਾਲਾ ਹੀ ਰੱਖਿਆ ਗਿਆ। ਪੰਜ ਕਿਲੋਮੀਟਰ ਦੌੜਨ ਵਾਲਿਆਂ ਤੇ ਵੱਾਕਰਾਂ ਨੂੰ ਟਰੇਲ ਦੇ ਉੱਤਰ ਵਾਲੇ ਪਾਸੇ ਅਤੇ ਹਾਫ਼ ਮੈਰਾਥਨ ਤੇ 12 ਕਿਲੋਮੀਟਰ ਦੌੜਨ ਵਾਲਿਆਂ ਨੂੰ ਇਸ ਦੇ ਦੱਖਣ ਦਿਸ਼ਾ ਵੱਲ ਤੋਰਿਆ ਗਿਆ ਇਸ ਦੇ ਬਾਰੇ ਵਿਸਤ੍ਰਿਤ ਜਾਣਕਾਰੀ ਦੌੜਾਕਾਂ ਨੂੰ ਨਕਸ਼ੇ ਸਮੇਤ ਰੇਸ-ਕਿੱਟਾਂ ਰਾਹੀਂ ਪਹਿਲਾਂ ਹੀ ਪਹੁੰਚਾ ਦਿੱਤੀ ਗਈ ਅਤੇ ਇਹ ਅਖ਼ਬਾਰਾਂ, ਰੇਡੀਓ ਤੇ ਹੋਰ ਸੰਚਾਰ ਸਾਧਨਾਂ ਰਾਹੀਂ ਵੀ ਪ੍ਰਚਾਰੀ ਗਈ।

ਦੌੜ ਅਤੇ ਵੱਾਕਿੰਗ ਦੇ ਇਸ ਮਹਾਨ ਈਵੈਂਟ ਵਿਚ ਜਿੱਥੇ ਨੌਜੁਆਨਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ, ਉੱਥੇ ਸੀਨੀਅਰ ਸਿਟੀਜ਼ਨ ਅਤੇ ਬੱਚਿਆਂ ਨੇ ਵੀ ਇਸ ਦੇ ਲਈ ਪੂਰਾ ਜੋਸ਼ ਅਤੇ ਉਤਸ਼ਾਹ ਵਿਖਾਇਆ। ਪ੍ਰਬੰਧਕੀ ਟੀਮ ਦੇ ਕੋਲ ਬਾਕਾਇਦਾ ਰਜਿਸਟਰ ਹੋਏ ਦੌੜਾਕਾਂ ਤੇ ਵੱਾਕਰਾਂ ਵਿਚ 79 ਸਾਲ ਦੇ ਹਰਚੰਦ ਸਿੰਘ ਬਾਸੀ, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ 75 ਸਾਲਾ ਪ੍ਰਧਾਨ ਜੰਗੀਰ ਸਿੰਘ ਸੈਂਹਬੀ, 72 ਸਾਲ ਦੇ ਹਜ਼ੂਰਾ ਸਿੰਘ ਬਰਾੜ ਤੇ ਏਸੇ ਹੀ ਉਮਰ ਦੇ ਇਨ੍ਹਾਂ ਸਤਰਾਂ ਦੇ ਲੇਖਕ ਡਾ. ਸੁਖਦੇਵ ਸਿੰਘ ਝੰਡ ਅਤੇ ਹੋਰ ਵੀ ਕਈ ਸ਼ਾਮਲ ਸਨ। ਉਂਜ, ਪੰਜ ਕਿਲੋਮੀਟਰ ਦੌੜਨ ਵਾਲਿਆਂ ਵਿਚ ਇਕ 81 ਸਾਲ ਦੇ ਇਕ ਬਜ਼ੁਰਗ ਗੁਰਦੇਵ ਸਿੰਘ ਤੱਖੜ ਵੀ ਸ਼ਾਮਲ ਸਨ ਜਿਨ੍ਹਾਂ ਦੇ ਨਾਲ ਇਸ ਪੱਤਰਕਾਰ ਨੇ ਵਾਪਸੀ ਸਮੇਂ ਰਸਤੇ ਵਿਚ ਗੱਲਬਾਤ ਵੀ ਕੀਤੀ। ਉਨ੍ਹਾਂ ਦਾ ਨਾਂ ਉਨ੍ਹਾਂ ਦੇ ਬਿੱਬ ਨੰਬਰ 264 ਉੱਪਰ ਕਿਸੇ ਹੋਰ ਨਾਂ ਨੂੰ ਕੱਟ ਕੇ ਹੱਥ ਨਾਲ ਹੀ ਲਿਖਿਆ ਹੋਇਆ ਸੀ ਅਤੇ ਨਾਂ ਦੀ ਇਹ ਤਬਦੀਲੀ ਪ੍ਰਬੰਧਕਾਂ ਦੇ ਰਿਕ-ਾਰਡ ਵਿਚ ਸ਼ਾਮਲ ਨਹੀਂ ਸੀ। ਇਸ ਤਰ੍ਹਾਂ ਉਹ ਇਸ ਈਵੈਂਟ ਦੇ ਸੱਭ ਤੋਂ ਲੰਮੀ ਉਮਰ ਦੇ ਬਜ਼ੁਰਗ ਗਿਣੇ ਜਾਣ ਤੋਂ ਵਾਂਝੇ ਰਹਿ ਗਏ। ਬਰੈਂਪਟਨ ਨਾਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਅਤੇ ਸਾਬਕਾ ਫ਼ੈੱਡਰਲ ਮੰਤਰੀ ਨਵਦੀਪ ਬੈਂਸ ਨੇ ਇਸ ਈਵੈਂਟ ਵਿਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਛੋਟੇ ਬੱਚਿਆਂ ਦੀ ਇਕ ਕਿਲੋਮੀਟਰ ਦੌੜ ਵੀ ਕਰਵਾਈ ਗਈ ਜਿਸ ਵਿਚ ਬਹੁਤ ਸਾਰੇ ਬੱਚਿਆਂ ਨੇ ਭਾਗ ਲਿਆ। ਇਸ ਦੇ ਲਈ ਉਨ੍ਹਾਂ ਦੇ ਮਾਪੇ ਵਧਾਈ ਦੇ ਹੱਕਦਾਰ ਹਨ।

ਇਸ ਮਾਣਮੱਤੇ ਈਵੈਂਟ 'ਇੰਸਪੀਰੇਸ਼ਨਲ ਸਟੈੱਪਸ-2022' ਵਿਚ ਹਾਫ਼-ਮੈਰਾਥਨ ਵਿਚ ਪੁਰਸ਼ਾਂ ਵਿਚ ਬਹਾਦਰ ਸ਼ੌਕਰ ਇਕ ਘੰਟਾ 36 ਮਿੰਟ 19 ਸਕਿੰਟ ਅਤੇ ਇਸਤਰੀਆਂ ਵਿਚ ਮਨੀਸ਼ਾ ਔਜਲਾ ਨੇ ਦੋ ਘੰਟੇ 51 ਮਿੰਟ 53 ਸਕਿੰਟਾਂ ਨਾਲ ਸੱਭ ਤੋਂ ਤੇਜ਼ ਦੌੜਾਕ ਵਜੋਂ ਮੈਡਲ ਪ੍ਰਾਪਤ ਕੀਤੇ। ਏਸੇ ਤਰ੍ਹਾਂ 12 ਕਿਲੋਮੀਟਰ ਦੌੜ ਵਿਚ ਪੁਰਸ਼ਾਂ ਵਿਚ ਜੈਵੀਰ ਸੰਧਰ 50 ਮਿੰਟ ਤੇ 33 ਸਕਿੰਟ ਅਤੇ ਇਸਤਰੀਆਂ ਵਿਚ ਜਸਵਿੰਦਰ ਮੱਲ੍ਹੀ ਨੇ ਇਕ ਘੰਟਾ, 11 ਮਿੰਟ, 48 ਸਕਿੰਟ ਵਿਚ ਇਹ ਦੌੜ ਪੂਰੀ ਕਰਕੇ ਮੈਡਲ ਲਏ, ਅਤੇ 5 ਕਿਲੋਮੀਟਰ ਦੌੜ ਵਿਚ ਪੁਰਸ਼ਾਂ ਵਿਚ ਕਰਮਵੀਰ ਸਹੋਤਾ ਨੇ 20 ਮਿੰਟ 40 ਸਕਿੰਟ ਤੇ ਇਸਤਰੀਆਂ ਵਿਚ ਗੁਰਸਿਮਰਨ ਗਿੱਲ ਨੇ ਇਹ ਦੌੜ 25 ਮਿੰਟ 24 ਸਕਿੰਟ ਵਿਚ ਦੌੜ ਕੇ ਜੇਤੂ ਮੈਡਲ ਪ੍ਰਾਪਤ ਕੀਤੇ। ਬੱਚਿਆਂ ਦੀ ਇਕ ਕਿਲੋਮੀਟਰ ਦੌੜ ਵਿਚ ਇਕ ਸਾਲ ਦੀ ਬਾਨੀ ਕਾਹਲੋਂ ਸੱਭ ਤੋਂ ਛੋਟੀ ਦੌੜਾਕ ਸੀ। ਦੌੜਾਕਾਂ ਤੇ ਵੱਾਕਰਾਂ ਦੀ ਸਹੂਲਤ ਲਈ ਪ੍ਰਬੰਧਕਾਂ ਵੱਲੋਂ ਰਸਤੇ ਵਿਚ ਵੱਖ-ਵੱਖ ਥਾਵਾਂ 'ਤੇ ਵਾਟਰ-ਸਟੇਸ਼ਨਾਂ 'ਤੇ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ।
ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸਨ ਸੰਧੂਰਾ ਸਿੰਘ ਬਰਾੜ, ਪ੍ਰਧਾਨ ਹਰਭਜਨ ਸਿੰਘ ਗਿੱਲ, ਸਕੱਤਰ ਡਾ. ਜੈਪਾਲ ਸਿੱਧੂ ਅਤੇ ਸਮੂਹ ਮੈਂਬਰਾਂ ਵੱਲੋਂ ਡਿਕਸੀ ਗੁਰੂਘਰ ਦੀ ਮੈਨੇਜਮੈਂਟ ਅਤੇ ਜੀ.ਟੀ.ਏ.ਏ. ਏਅਰ ਫਲਾਈਟ ਦੇ ਪ੍ਰਬੰਧਕਾਂ ਨੂੰ ਪਲੇਕਸ ਦੇ ਨਾਲ ਸਨਮਾਨਿਤ ਕੀਤਾ ਗਿਆ। ਬਰੈਂਪਟਨ ਦੇ ਵਸਨੀਕ ਪੰਜਾਬੀ ਕਮਿਊਨਿਟੀ ਦੇ ਉੱਘੇ ਬੌਕਸਰ ਸੰਦੀਪ ਚੱਕਰੀਆ ਨੂੰ ਇਸ ਮੌਕੇ 'ਸੋਮਲ ਵਾਚ ਕੰਪਨੀ' ਦੇ ਸੁੱਚਾ ਸਿੰਘ ਸੋਮਲ ਵੱਲੋਂ ਇਕ ਸ਼ਾਨਦਾਰ ਗੁੱਟ-ਘੜੀ ਨਾਲ ਸਨਮਾਨਿਤ ਕੀਤਾ ਗਿਆ। ਇੰਸਪੀਰੇਸ਼ਨਲ ਸਟੈੱਪਸ -2022 ਵਿਚ ਹਿੱਸਾ ਲੈਣ ਵਾਲੇ ਦੌੜਾਕਾਂ, ਵੱਾਕਰਾਂ ਅਤੇ ਅਤੇ ਉਨ੍ਹਾਂ ਦੇ ਸਮੱਰਥਕਾਂ ਦੇ ਚਾਹ-ਪਾਣੀ, ਸਨੈਕਸ ਅਤੇ ਭੋਜਨ ਆਦਿ ਦਾ ਬਹੁਤ ਵਧੀਆ ਪ੍ਰਬੰਧ ਡਿਕਸੀ ਗੁਰੂਘਰ ਦੀ ਮੈਨੇਜਮੈਂਟ ਵੱਲੋਂ ਕੀਤਾ ਗਿਆ।
ਇਸ ਈਵੈਂਟ ਬਾਰੇ ਵਧੇਰੇ ਜਾਣਕਾਰੀ ਮਅਲਿ@ਗਗਸਚਾ।ਚੋਮ 'ਤੇ ਜਾ ਕੇ ਜਾਂ 416-564-3939 'ਤੇ ਫ਼ੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।




# ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 11 ਸਤੰਬਰ ਨੂੰ

## *ਮੀਟਿੰਗ ਵਿਚ ਹੋਵੇਗੀ ਅਹੁਦੇਦਾਰਾਂ ਤੇ ਕਾਰਜਕਾਰਨੀ ਦੀ ਚੋਣ * ਐਸੋਸੀਏਸ਼ਨ ਦੇ ਜਨਰਲ ਸਕੱਤਰ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਾਲ ਕੀਤੀ ਮੁਲਾਕਾਤ





ਬਰੈਂਪਟਨ, (ਡਾ. ਝੰਡ) -ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਕੈਨੇਡਾ ਦੀ 24 ਅਗੱਸਤ ਨੂੰ ਹੋਈ ਕਾਰਜਕਾਰਨੀ ਦੀ ਮੀਟਿੰਗ ਵਿਚ ਲਏ ਗਏ ਫ਼ੈਸਲੇ ਅਨੁਸਾਰ ਐਸੋਸੀਏਸ਼ਨ ਦੀ ਸਲਾਨਾ ਜਨਰਲ ਮੀਟਿੰਗ 11 ਸਤੰਬਰ 2022 ਦਿਨ ਐਤਵਾਰ ਨੂੰ ਗੋਰਮੀਡੋ ਕਮਿਊਨਿਟੀ ਸੈਂਟਰ ਬਰੈਂਪਟਨ ਦੇ ਕਮਰਾ ਨੰਬਰ 2 ਵਿਚ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ ਹੋਵੇਗੀ। ਐਸੋਸੀਏਸ਼ਨ ਵੱਲੋਂ ਜੂਨ ਮਹੀਨੇ ਪੰਜਾਬ ਦੇ ਮੁੱਖ-ਮੰਤਰੀ ਅਤੇ ਵਿੱਤ-ਮੰਤਰੀ ਨੂੰ ਪੈੱਨਸ਼ਨਰਾਂ ਦੀਆਂ ਮੰਗਾਂ ਸਬੰਧੀ ਪੱਤਰ ਦਸਤੀ ਭੇਜਿਆ ਗਿਆ ਸੀ। ਇਸ ਤੋਂ ਬਿਨਾਂ 28 ਅਗੱਸਤ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਵੀ ਟੋਰਾਂਟੋ ਵਿਖੇ ਹੋਈ ਮੀਟਿੰਗ ਵਿਚ ਇਸ ਸਬੰਧੀ ਵਿਸਤ੍ਰਿਤ ਵੇਰਵਾ ਦਿੱਤਾ ਗਿਆ ਹੈ ਅਤੇ ਉਪਰੋਕਤ ਮੰਤਰੀਆਂ ਤੇ ਸਪੀਕਰ ਸੰਧਵਾਂ ਵੱਲੋਂ ਮਿਲੇ ਹੁੰਗਾਰੇ ਬਾਰੇ ਮੈਂਬਰਾਂ ਨਾਲ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਜਾਏਗੀ। ਇੱਥੇ ਕੇਵਲ ਏਨਾ ਹੀ ਦੱਸਣਾ ਵਾਜਬ ਹੋਵੇਗਾ ਕਿ ਇਨ੍ਹਾਂ ਸਾਰੀਆਂ ਮਾਣਯੋਗ ਸ਼ਖ਼ਸੀਅਤਾਂ ਵੱਲੋਂ ਇਸ ਸਬੰਧੀ ਹਾਂ-ਪੱਖੀ ਹੁੰਗਾਰਾ ਮਿਲਿਆ ਹੈ।

ਜਨਰਲ-ਬਾਡੀ ਮੀਟਿੰਗ ਵਿਚ ਐਸੋਸੀਏਸ਼ਨ ਦੇ ਸੰਵਿਧਾਨ ਅਨੁਸਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਅਗਲੇ ਸਾਲ ਲਈ ਚੋਣ ਕੀਤੀ ਜਾਏਗੀ। ਜ਼ਿਕਰਯੋਗ ਹੈ ਕਿ ਇਹ ਚੋਣ ਤਿੰਨ ਅਹੁਦੇਦਾਰਾਂ -ਚੇਅਰਮੈਨ, ਪ੍ਰਧਾਨ ਅਤੇ ਜਨਰਲ ਸਕੱਤਰ- ਦੀ ਮੈਂਬਰਾਂ ਦੀਆਂ ਸਿੱਧੀਆਂ ਵੋਟਾਂ ਨਾਲ ਹੋਵੇਗੀ ਅਤੇ ਇਹ ਚੁਣੇ ਹੋਏ ਤਿੰਨੇ ਅਹੁਦੇਦਾਰ ਕਾਰਜਕਾਰਨੀ ਦੇ ਬਾਕੀ ਅੱਠ ਮੈਂਬਰ ਨਾਮਜ਼ਦ ਕਰਨਗੇ। ਇਸ ਤਰ੍ਹਾਂ ਐਸੋਸੀਏਸ਼ਨ ਦੀ 11 ਮੈਂਬਰੀ ਕਾਰਜਕਾਰਨੀ ਕਮੇਟੀ ਮੁਕੰਮਲ ਹੋਵੇਗੀ। ਇਸ ਉਦੇਸ਼ ਲਈ ਚੋਣ ਅਧਿਕਾਰੀ ਨਾਮਜ਼ਦ ਕੀਤੇ ਜਾ ਚੁੱਕੇ ਹਨ ਜੋ ਲੋੜ ਪੈਣ 'ਤੇ ਹੋਰ ਸਾਥੀਆਂ ਦੀ ਸਹਾਇਤਾ ਨਾਲ ਸਾਰੀ ਚੋਣ-ਪ੍ਰਕਿਰਿਆ ਸਿਰੇ ਚਾੜ੍ਹਨਗੇ। ਕੋਵਿਡ-ਮਹਾਂਮਾਰੀ ਦੇ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਫ਼ੈਲਣ ਕਾਰਨ ਪਿਛਲੇ ਦੋ ਸਾਲ ਜਨਰਲ-ਬਾਡੀ ਦੀਆਂ ਮੀਟਿੰਗਾਂ ਨਹੀਂ ਹੋ ਸਕੀਆਂ। ਇਸ ਲਈ ਪੁਰਾਣੇ ਮੈਂਬਰਾਂ ਤੋਂ ਵੀ ਮੈਂਬਰਸ਼ਿਪ ਫ਼ੀਸ ਕੇਵਲ 10 ਡਾਲਰ ਹੀ ਲਈ ਜਾਏਗੀ। ਮੈਂਬਰਸ਼ਿਪ 11 ਸਤੰਬਰ ਨਵਿਆਈ ਜਾਏਗੀ ਅਤੇ ਨਵੀਂ ਮੈਂਬਰਸ਼ਿਪ ਵੀ ਏਸੇ ਤਰੀਕ ਤੱਕ ਕੀਤੀ ਜਾਏਗੀ। ਇਸ ਮੈਂਬਰਸ਼ਿਪ ਦੇ ਆਧਾਰ 'ਤੇ ਹੀ ਕਾਰਜਕਾਰਨੀ ਕਮੇਟੀ ਦੀ ਚੋਣ ਹੋਵੇਗੀ।

ਸਮੂਹ ਮੈਂਬਰਾਂ ਨੂੰ ਮੀਟਿੰਗ ਵਿਚ ਹੁੰਮ-ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹ। ਗੋਰਮੀਡੋ ਕਮਿਊਨਿਟੀ ਸੈਂਟਰ ਨੂੰ ਜਾਣ ਲਈ ਬੱਸ ਨੰਬਰ 35 ਅਤੇ 50 ਦੀ ਸੇਵਾ ਪ੍ਰਾਪਤ ਕੀਤੀ ਜਾ ਸਕਦੀ ਹੈ। ਹੋਰ ਜਾਣਕਾਰੀ ਲਈ ਪਰਮਜੀਤ ਸਿੰਘ ਬੜਿੰਗ (647-963-0331), ਜਗੀਰ ਸਿੰਘ ਕਾਹਲੋਂ (647-533-8297), ਡਾ. ਪਰਮਜੀਤ ਸਿੰਘ ਢਿੱਲੋਂ ((416-527-1040), ਮੱਲ ਸਿੰਘ ਬਾਸੀ (437-980-7015), ਬਲਦੇਵ ਸਿੰਘ ਬਰਾੜ (437-982-5202), ਤਾਰਾ ਸਿੰਘ ਗਰਚਾ (950-294-2235) ਹਰੀ ਸਿੰਘ (647-515-4752), ਮੋਹਿੰਦਰ ਸਿੰਘ ਮੋਹੀ (416-659-1235) ਅਤੇ ਪ੍ਰਿਤਪਾਲ ਸਿੰਘ ਸਚਦੇਵਾ (647-709-6115) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਖੇਤੀ ਵਿੱਚ ਪਾਣੀ ਦੀ ਵਰਤੋਂ ਸਬੰਧੀ ਵਿਉਂਤਬੰਦੀ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋਬਾ: 96537-90000

ਹਰ ਸਾਲ ਗਰਮੀ ਸ਼ੁਰੂ ਹੁੰਦੇ ਹੀ ਸਰਕਾਰਾਂ-ਬੁੱਧੀਜੀਵੀਆਂ ਤੋਂ ਲੈ ਕਿ ਆਮ ਲੋਕਾਂ ਤੱਕ ਸਭ ਨੂੰ ਪਾਣੀ ਬਚਾਉਣ ਦੀ ਯਾਦ ਆਉਂਦੀ ਅਤੇ ਇਹ ਇੱਕ ਭੱਖਦਾ-ਮਸਲਾ ਬਣ ਜਾਂਦਾ ਹੈ। ਪਰ ਅਗਸਤ-ਸਤੰਬਰ ਤੱਕ ਪਹੁੰਚਦੇ ਇਹ ਮੁੱਦਾ ਦਿਮਾਗ ਦੀ ਪਿਛਲੀ ਸੀਟ ਤੇ ਜਾ ਬਿਰਾਜਦਾ ਹੈ। ਅਸਲ ਵਿੱਚ ਇਹ ਸਮਾਂ ਹੁੰਦਾ ਹੈ ਅਗਲੇ ਸਾਲ ਪਾਣੀ ਬਚਾਉਣ ਲਈ ਵਿਉਂਤਬੰਦੀ ਕਰਨ ਦਾ ਅਤੇ ਢੁੱਕਵੇਂ ਫੈਸਲੇ ਲੈਣ ਦਾ। ਇਸ ਵੇਲੇ ਇੱਕ ਪ੍ਰਚੱਲਿਤ ਧਾਰਨਾ ਹੈ ਪਾਣੀ ਸਿਰਫ ਝੋਨੇ ਕਰਕੇ ਹੀ ਖਤਮ ਹੋ ਰਿਹਾ ਹੈ। ਇਹ ਠੀਕ ਹੈ ਕਿ ਝੋਨਾ ਕੁੱਝ ਫ਼ਸਲਾਂ ਨਾਲੋਂ ਵੱਧ ਪਾਣੀ ਲੈਂਦਾ ਹੈ। ਇਥੇ ਸਾਨੂੰ ਇਹ ਸਮਝਣ ਦੀ ਵੀ ਲੋੜ ਹੈ ਕਿ ਜਿੰਨ੍ਹਾਂ ਚਿਰ ਹੋਰ ਕੋਈ ਫ਼ਸਲ ਝੋਨੇ ਦਾ ਬਦਲ ਬਣਕੇ ਨਹੀਂ ਆਉਂਦੀ ਮੇਰਾ ਭਾਵ ਲਾਭ ਤੋਂ ਹੈ ਯਾਨੀ ਝੋਨੇ ਜਿੰਨੀ ਆਮਦਨ ਨਹੀਂ ਦਿੰਦੀ ਉਹਨਾਂ ਚਿਰ ਝੋਨਾ ਲਾਉਣਾ ਹੀ ਪੈਂਣਾ ਹੈ। ਦੇਸ਼ ਦੀ ਖ਼ੁਰਾਕ ਸੁਰੱਖਿਆ ਪੱਖੋਂ ਵੀ ਜ਼ਰੂਰਤ ਹੈ। ਇਸ ਕਰਕੇ ਫ਼ਸਲ ਹੇਠ ਰਕਬਾ ਘਟਾਇਆ ਜਾ ਸਕਦਾ ਹੈ, ਇਸ ਨੂੰ ਛੱਡਿਆ ਨਹੀਂ ਜਾ ਸਕਦਾ ਕਿਉਂਕਿ ਇਹ ਇਕੱਲੀ ਕਿਸਾਨਾਂ ਦੀ ਆਮਦਨ ਦਾ ਸਵਾਲ ਨਹੀਂ ਬਲਕਿ ਪੰਜਾਬ ਦੀ ਆਰਥਿਕਤਾ ਵੀ ਇਸ ਤੇ ਨਿਰਭਰ ਕਰਦੀ ਹੈ। ਇਹ ਕਹਿਣੀ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਇਹ ਵਪਾਰ ਅਤੇ ਰੋਜ਼ਗਾਰ ਦਾ ਬਹੁਤ ਵੱਡਾ ਸਰੋਤ ਹੈ।ਅੱਜ ਦੇ ਹਾਲਾਤਾਂ ਵਿੱਚ ਇਸ ਨੂੰ ਬਦਲਿਆ ਨਹੀਂ ਜਾ ਸਕਦਾ, ਪਰ ਪਾਣੀ ਵੀ ਬਚਾਉਣਾ ਜ਼ਰੂਰੀ ਹੈ ਇਸ ਲਈ ਜੋ ਦਿਕਤਾਂ ਇਸ ਸਾਲ ਆਈਆਂ ਹਨ ਉਹ ਅਗਲੀ ਵਾਰ ਨਾ ਆਉਣ ਉਸ ਲਈ ਤਿਆਰੀ ਕਰਨੀ ਚਾਹੀਦੀ ਹੈ। ਇਸ ਵੇਲੇ ਕੁੱਝ ਪੁੱਖਤਾ ਕਦਮ ਚੁੱਕਣ ਦੀ ਲੋੜ ਹੈ, ਜਿਵੇਂ ਕਿ: ਇਸ ਸਾਲ ਘੱਟ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਦੇ ਬੀਜ ਦੀ ਥੋੜ ਰਹੀ ਇਸ ਲਈ ਆਉਂਦੇ ਸਾਲ ਲਈ ਪੀ.ਆਰ. 126 ਕਿਸਮ ਦਾ ਬੀਜ ਵਧਾਉਣ ਦੀ ਲੋੜ ਹੈ। ਇਸ ਲਈ ਸਰਕਾਰ ਜਿਹੜੇ ਕਿਸਾਨਾਂ ਦੇ ਖੇਤਾਂ ਵਿੱਚ ਪੀ.ਆਰ. 126 ਦੀ ਖੜ੍ਹੀ ਫਸਲ ਦਾ ਨਿਰੱਖਣ ਕਰਾਵੇ ਤੇ ਜੇ ਕੋਈ ਹੋਰ ਬੂਟਾ ਹੈ ਤਾਂ ਉਸਨੂੰ ਛਾਂਟੀ ਕੀਤਾ ਜਾਵੇ ਫਿਰ ਪੀ.ਆਰ. 126 ਨੂੰ ਟੈਸਟ ਕਰਵ-ਾਇਆ ਜਾਵੇ ਅਤੇ ਟੈਸਟ ਦੇ ਅਧਾਰ ਤੇ ਲੇਬਲ ਕਰਕੇ ਉਸਦਾ ਬੀਜ ਬਣਾ ਕੇ ਅਗਲੀ ਵਾਰ ਵੇਚਿਆ ਜਾਵੇ। ਸਰਟੀਫਾਈਡ ਬੀਜ ਤਿੰਨ ਪੜ੍ਹਾ ਦੇ ਵਿੱਚ ਬਣਦਾ ਹੈ ਪਹਿਲਾ ਬਰੀਡਰ ਸੀਡ ਜੋ ਬਹੁਤ ਥੋੜ੍ਹਾ ਹੁੰਦਾ ਹੈ ਉਸ ਤੋਂ ਫਿਰ ਫਾਊਂਡੇਸ਼ਨ ਸੀਡ ਬਣਾਇਆ ਜਾਂਦਾ ਹੈ। ਫਾਊਂਡੇਸ਼ਨ ਬੀਜ ਤੋਂ ਸਰਟੀਫਾਈਡ ਬਣਾਇਆ ਜਾਂਦਾ ਹੈ। ਸਰਟੀਫਾਈਡ ਬੀਜ ਸਰਟੀਫੀਕੇਸ਼ਨ ਅਥਾਰਟੀ ਤੋਂ ਸਰਟੀਫਾਈ ਕਰਵਾਇਆ ਜਾਂਦਾ ਹੈ। ਜਿਹੜਾ ਬੀਜ ਫਾਊਂਡੇਸ਼ਨ ਬੀਜ ਤੋਂ ਨਹੀਂ ਬਣਿਆ ਜਾ ਕਹਿ ਲਓ ਸਰਟੀਫਾਈਡ ਬੀਜ, ਬੀਜ ਕਿ ਹੀ ਅੱਗੇ ਵਧਾਇਆ ਜਾਂਦਾ ਹੈ ਉਸ ਨੂੰ ਟੈਸਟ ਕਰਾਕੇ ਟੈਸਟ ਅਨੁਸਾਰ ਲੇਬਲ ਕਰਕੇ ਵੇਚਿਆ ਜਾ ਸਕਦਾ ਹੈ। ਪੀ.ਏ.ਯੂ. ਦਾ ਬਹੁਤਾ ਸੀਡ ਟੀ ਐੱਲ (ਠਰੁਟਹਡੁਲਲੇ ਲ਼ਓਬੲਲੲਦ ਜਾਂ ਕਹਿ ਲੋ ਜੋ ਅਸਲ ਵਿੱਚ ਹੈ) ਹੇਠ ਹੀ ਵਿਕਦਾ ਹੈ।

ਇਸ ਨਾਲ ਇੱਕ ਹੋਰ ਗੱਲ ਧਿਆਨ ਰੱਖਣ ਯੋਗ ਹੈ ਕਿ ਜਿਹੜੀ ਨਵੀਂ ਖੋਜ ਹੋ ਰਹੀ ਹੈ ਉਸ ਵਿੱਚ ਜੇ ਕੋਈ ਥੋੜ੍ਹੇ ਸਮੇਂ ਦੀ ਕਿਸਮ ਟੈਸਟ ਅਧੀਨ ਹੈ ਤਾਂ ਉਸ ਨੂੰ ਅਗਲੇ ਸਾਲ ਸੀਜ਼ਨ ਦੀ ਉਡੀਕ ਕਰਨ ਦੀ ਬਜਾਏ ਇਸੇ ਸਾਲ ਹਾੜ੍ਹੀ ਦੇ ਮੌਸਮ ਵਿੱਚ ਦੱਖਣ ਵਿੱਚ ਬੀਜ ਕੇ ਟੈਸਟ ਕੀਤਾ ਜਾ ਸਕਦਾ ਹੈ ਜਾਂ ਬੀਜ ਵਧਾਇਆ ਜਾਵੇ ਤਾਂ ਕਿ ਅਗਲੀ ਵਾਰ ਨੂੰ ਅਗੇਤੇ ਝੋਨੇ ਦੀਆਂ ਕਿਸਮਾਂ ਦੇ ਬਦਲੇ ਇਹਨਾਂ ਨੂੰ ਹੀ ਲਗਾਇਆ ਜਾਵੇ। ਇਸ ਦੇ ਨਾਲ ਬਾਸਮਤੀ ਦੀ ਮੰਗ ਨੂੰ ਧਿਆਨ ਵਿੱਚ ਰੱਖ ਕੇ ਲੋੜ ਅਨੁਸਾਰ ਰਕਬਾ ਵਧਾਇਆ ਜਾਵੇ ਅਤੇ ਇਸ ਲਈ ਸਭ ਤੋਂ ਪਹਿਲਾਂ ਅੰਤਰਰਾਸ਼ਟਰੀਮੰਗ ਨੂੰ ਵੇਖਿਆ ਜਾਵੇ। ਉਸ ਵਿੱਚ ਕਿਸ ਦੇਸ਼ ਦੀ ਕਿੰਨੀ ਮੰਗ ਹੋਵੇਗੀ ਉਸ ਕੋਲ ਕਿੰਨ੍ਹਾਂ ਅਨਾਜ ਭੰਡਾਰ ਹੈ ਜਾਂ ਨਹੀਂ, ਫਿਰ ਅੱਜ ਕੀਮਤ ਕੀ ਹੈ ਤੇ ਅੰਦਾਜ਼ਾ ਲਗਾਇਆ ਜਾਵੇ ਕਿ ਅੱਗੋਂ ਮੰਗ ਕਿਸ ਤਰ੍ਹਾਂ ਰਹੇਗੀ ਉਸ ਤੇ ਪੁਖਤਾ ਰਿਪੋਰਟ ਤਿਆਰ ਹੋਵੇ। ਇਸ ਵਿੱਚ ਜਿੰਨ੍ਹਾਂ ਦੇਸ਼ਾਂ ਦੀ ਮੰਗ ਹੈ ਉਹਨਾਂ ਦੇ ਫੂਡ ਸੈਫਟੀ ਸਟੈਂਡਰਡ ਵੀ ਧਿਆਨ ਵਿੱਚ ਰੱਖੇ ਜਾਣ ਤਾਂ ਕਿ ਜੋ ਬਾਸਮਤੀ ਅਸੀਂ ਬਿਜਵਾਉਣੀ ਹੈ ਕੁਆਲਟੀ ਪੱਖੋਂ ਵੀ ਪੂਰੀ ਉਤਰੇ। ਐਕਸਪੋਰਟ ਵਾਲੀ ਬਾਸਮਤੀ ਲਈ ਅਸੀਂ ਵੱਖਰੀ ਪੈਕਜ ਪਰੈਕਟਿਸ ਤਿਆਰ ਕਰੀਏ ਨਾ ਕਿ ਇਸ ਸਾਲ ਵਾਂਗ ਫ਼ਸਲ ਦੇ ਅੱਧ ਵਿਚਕਾਰ ਆਕਿ ਜ਼ਹਿਰਾਂ ਦੀ



ਵਿਕਰੀ ਤੇ ਪਾਬੰਦੀ ਲਗਾਈਏ ।

ਇਸ ਵਿੱਚ ਇੱਕ ਵੱਡੀ ਧਿਆਨ ਰੱਖਣ ਦੀ ਲੋੜ ਹੈ ਕਿ ਪਛੇਤੇ ਝੋਨੇ ਅਤੇ ਬਾਸਮਤੀ ਦੀ ਬਿਜਾਈ ਕਾਰਨ ਖੇਤ ਜ਼ਿਆਦਾ ਸਮੇਂ ਲਈ (ਅੱਧ ਅਪ੍ਰੈਲ ਤੋਂ ਜੁਲਾਈ ਸ਼ੁਰੂ ਤੱਕ) ਖਾਲੀ ਰਹਿਣਗੇ ਜਦੋਂ ਗਰਮੀ ਵੀ ਸਿਰੇ ਦੀ ਹੋਵੇਗੀ ਕਹਿਣ ਦਾ ਭਾਵ ਹੈ ਜੇ ਤੀਜੀ ਫ਼ਸਲ ਬੀਜੀ ਜਾਂਦੀ ਹੈ ਤਾਂ ਪਾਣੀ ਦੀ ਲਾਗਤ ਹੋਰ ਵਧੂਗੀ। ਪਰ ਇਸ ਨਾਲ ਇਹ ਵੀ ਹੈ ਕਿ ਅਸੀਂ ਕਿਸੇ ਤੇ ਰੋਕ ਵੀ ਨਹੀਂ ਲਗਾ ਸਕਦੇ ਕਿ ਉਸ ਸਮੇਂ ਕੁੱਝ ਬੀਜਣਾ ਨਹੀਂ ਕਿਉਂ ਕਿ ਪਹਿਲਾਂ ਹੀ ਡੱਗਮਗਾਉਂਦੀ ਅਰਥ ਵਿਵਸਥਾ ਨੂੰ ਖੇਤੀ ਨੇ ਹੀ ਸਹਾਰਾ ਦੇਣਾ ਹੈ। ਇਸ ਲਈ ਜਰੂਰਤ ਇਸ ਗੱਲ ਦੀ ਹੈ ਕਿ ਜਿਹੜੀ ਫ਼ਸਲ ਉਸ ਸਮੇਂ ਬੀਜੀ ਜਾਣੀ ਹੈ ਉਹ ਇਸ ਢੰਗ ਨਾਲ ਬੀਜੀ ਜਾਵੇ ਤਾਂ ਕਿ ਪਾਣੀ ਦੀ ਵਰਤੋਂ ਘੱਟ ਤੋਂ ਘੱਟ ਹੋਵੇ। ਜਿਹੜੀ ਫ਼ਸਲ ਵੱਟਾਂ ਤੇ ਜਾਂ ਖੇਲਾਂ ਕੱਢ ਕੇ ਬੀਜੀ ਜਾਂਦੀ ਹੈ ਕੁੱਝ ਹੱਦ ਤੱਕ ਘੱਟ ਪਾਣੀ ਲੈਂਦੀ ਹੈ। ਇਸ ਵਿੱਚ ਅੱਗੇ ਹੋਰ ਖੋਜ ਹੋਣੀ ਚਾਹੀਦੀ ਹੈ ਕਿ ਫ਼ਸਲ ਪੈਦਾ ਕਰਨ ਲਈ ਕਿਹੜੇ ਕਿਹੜੇ ਢੰਗ ਤਰੀਕੇ ਵਰਤੇ ਜਾਣ ਕਿ ਪਾਣੀ ਬਚਾਇਆ ਜਾ ਸਕੇ।ਇਸ ਸਾਲ ਸਰਕਾਰ ਨੇ ਮੂੰਗੀ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਵੱਲੋਂ ਖਰੀਦਣ ਦੀ ਹਾਮੀ ਭਰੀ, ਜਿਸ ਨਾਲ ਅਸਲ ਵਿੱਚ ਸਾਉਣੀ ਮੂੰਗੀ ਦੀ ਬਜਾਏ ਸੱਠੀ ਮੂੰਗੀ ਦਾ ਰਕਬਾ ਵੱਧ ਗਿਆ ਜਿਸ ਨੇ ਅਲੱਗ 40 ਸੈਂਟੀਮੀਟਰ ਪਾਣੀ ਲਿਆ ਜਿਸ ਦਾ ਸਿੱਧਾ ਅਰਥ ਹੈ ਕਿ ਪਾਣੀ ਦੀ ਲਾਗਤ ਵਧੀ। ਹੁਣ ਇਸ ਵਿੱਚ ਪਹਿਲਾਂ ਸਰਕਾਰ ਨੇ ਖਰੀਦ ਯਕੀਨੀ ਕੀਤੀ ਪਰ ਬਾਅਦ ਵਿੱਚ ਰੰਗ ਅਤੇ ਹੋਰ ਕੁਆਲਟੀ ਦੇ ਮੁੱਦੇ ਖੜ੍ਹੇ ਕਰਕੇ ਖਰੀਦ ਤੋਂ ਆਨਾ ਕਾਨੀ ਕੀਤੀ। ਪਛੇਤੀ ਮੂੰਗੀ ਤੇ ਬਾਰਸ਼ ਅਤੇ ਖਰੀਦ ਬੰਦ ਹੋਣ ਦੇ ਡਰ ਤੋਂ ਕਈ ਕਿਸਾਨਾਂ ਨੇ ਕੱਚੀ ਮੂੰਗੀ ਵੱਡ ਲਈ।ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਸਰਕਾਰ ਨੇ ਖਰੀਦ ਪਾਲਸੀ ਬਿਜਾਈ ਦਾ ਸਮਾਂ ਲੱਘਣ ਤੋਂ ਬਾਅਦ ਜਾਰੀ ਕੀਤੀ।ਕਿਸਾਨ ਜੱਥੇਬੰਦੀਆਂ ਦੇ ਜ਼ੋਰ ਪਾਉਣ ਤੇ ਸਰਕਾਰ ਨੇ ਕੁੱਝ ਖਰੀਦੀ ਕੁੱਲ ਮਿਲਾ ਕਿ ਪੈਦਾਵਾਰ ਦੀ 17 ਫੀਸਦੀ ਮੂੰਗੀ ਸਰਕਾਰ ਨੇ ਖਰੀਦੀ ਬਾਕੀ ਕਿਹਾ ਜਿਹੜਾ ਨੁਕਸਾਨ ਹੋਇਆ ਹੈ ਉਸਨੂੰ ਪੂਰਾ ਕਰਾਂਗੇ। ਇਸ ਵਿੱਚ ਬਹੁਤੇ ਵਾਅਦੇ ਵਾਅਦੇ ਹੀ ਰਹਿ ਗਏ। ਅਖੀਰ ਵਿੱਚ ਮੂੰਗੀ,ਕੁਆਲਟੀ ਕਾਰਨ ਐੱਮ.ਐੱਸ.ਪੀ. ਦੇ ਮਿਥੇ ਭਾਅਤੋਂ ਤੀਜੇ ਹਿੱਸੇ ਤੱਕ ਵੀ ਵਿੱਕੀ।

ਇਸ ਵਿੱਚ ਇੱਕ ਹੋਰ ਗੱਲ ਜਿਸ ਨੂੰ ਪਹਿਲ ਦੇ ਆਧਾਰ ਤੇ ਠੀਕ ਕਰਨ ਦੀ ਲੋੜ ਹੈ ਉਹ ਹੈ ਨਹਿਰੀ ਪਾਣੀ ਦੇ ਪਹੁੰਚ ਦੀ। ਦਰਅਸਲ ਜਦੋਂ ਦਾ ਨਹਿਰੀ ਮਾਮਲਾ ਬੰਦ ਹੋਇਆ ਹੈ ਉਸ ਸਮੇਂ ਤੋਂ ਤਕਰੀਬਨ ਸੂਇਆਂ ਦੀ ਮੁਰੰਮਤ ਬਹੁਤ ਘੱਟ ਗਈ ਜਿਸਦੇ ਫਲਸਰੂਪ ਸੂਇਆਂ ਵਿੱਚ ਪਾਣੀ ਅੱਧਾ ਹੀ ਛੱਡਿਆ ਜਾਂਦਾ ਹੈ ਤਾਂ ਜੋ ਸੂਆ ਟੁੱਟ ਨਾ ਜਾਵੇ। ਅਗਰ ਨਹਿਰੀ ਪਾਣੀ ਪੂਰਾ ਹੋਵੇ ਤਾਂ ਹਾੜ੍ਹੀ ਦੀਆਂ ਫ਼ਸਲਾਂ ਨੂੰ ਧਰਤੀ ਹੇਠਲੇ ਪਾਣੀ ਦੀ ਲੋੜ ਬਹੁਤ ਘੱਟ ਜਾਵੇ। ਸੂਏ ਵਿੱਚ ਪੂਰਾ ਪਾਣੀ ਇਸ ਕਰਕੇ ਵੀ ਨਹੀਂ ਛੱਡਿਆ ਜਾਂਦਾ ਜਿਸ ਏਰੀਏ ਵਿੱਚ ਜਦੋਂ ਬਾਰਿਸ਼ ਵੱਧ ਹੋ ਜਾਵੇ ਤਾਂ ਕਿਸਾਨ ਮੋਘੇ ਬੰਦ ਕਰ ਦਿੰਦੇ ਹਨ। ਦੂਜਾ ਕਾਰਨ ਇਹ ਵੀ ਹੈ ਜਿਹੜੇ ਕਿਸਾਨਾਂ ਦਾ ਰਕਬਾ ਥੋੜ੍ਹਾ ਹੋਣ ਕਾਰਨ ਪਾਣੀ ਦੀ ਵਾਰੀ ਵੀ ਘੱਟ ਹੈ ਉਹ ਵੀ ਰਾਤ ਨੂੰ ਪਾਣੀ ਲਾਉਣ ਨਹੀਂ ਜਾਂਦੇ। ਤੀਜਾ ਜਿਹੜੇ ਕਿਸਾਨਾਂ ਦੇ ਟਿਊਬਵੈਲਾਂ ਦਾ ਪਾਣੀ ਇੱਕ ਨੰਬਰ ਹੈ ਉਹ ਵੀ ਨਹਿਰੀ ਪਾਣੀ ਦੀ ਪ੍ਰਵਾਹ ਨਹੀਂ ਕਰਦੇ ਅਤੇ ਰਾਤ ਦੀ ਵਾਰੀ ਛੱਡ ਦਿੰਦੇ ਹਨਅਤੇ ਮੋਘਾ ਬੰਦ ਕਰ ਦਿੰਦੇ ਹਨ। ਬੰਦ ਮੋਘਿਆਂ ਵਿਚੋਂ ਗੱਟਾ ਕੱਢ ਕਿ ਪਾਣੀ ਉਹ ਕਿਸਾਨ ਹੀ ਲਿਆਉਂਦਾ ਹੈ ਜਿਹੜਾਂ ਸਿਰੜੀ ਹੋਵੇ ਅਤੇ ਉਸ ਨੂੰ ਪਾਣੀ ਦੀ ਅਤਿਅੰਤ ਲੋੜ ਹੋਵੇ ਨਹੀਂ ਤਾਂ ਹਰ ਕੋਈ ਇਹ ਹੀ ਕਹਿ ਦਿੰਦਾ ਹੈ ਕਿ ਮੋਟਰ ਨਾਲ ਸਾਰ ਲਵਾਂਗੇ । ਮਾਲਵੇ ਇਲਾਕੇ ਵਿੱਚ ਟਿਊਬਵੈਲਾਂ ਦੇ ਬਹੁਤੇ ਪਾਣੀ 2 ਨੰਬਰ ਹੈ ਜੋ ਨਹਿਰੀ ਪਾਣੀ ਨਾਲ ਮਿਲਕੇ ਲੱਗਦਾ ਹੈ ਤਾਂ ਝਾੜ ਵੱਧ ਨਿਕਲਦਾ ਹੈ। ਇਸ ਸਮੱਸਿਆ ਦੇ ਹੱਲ ਲਈ ਇਹ ਕਰਨਾ ਚਾਹੀਦਾ ਕਿ ਇੱਕ ਤਾਂ ਪਹਿਲ ਦੇ ਆਧਾਰ ਤੇ ਸੂਏ ਰਿਪੇਅਰ ਹੋਣੇ ਚਾਹੀਦੇ ਹਨ। ਦੂਜਾ ਮੋਘਿਆ ਦੇ ਨਾਲ-ਨਾਲ ਰੀਚਾਰਜ ਵੈਲ ਖੂਹ ਬਣਾ ਦਿਉ ਤਾਂ ਜੋ ਮੋਘਾ ਬੰਦ ਕਰਨ ਦੀ ਬਜਾਏ ਵਾਧੂ ਪਾਣੀ ਖੂਹ ਵਿੱਚ ਪਾ ਕੇ ਉਹ ਧਰਤੀ ਹੇਠਾ ਪਾਇਆ ਜਾ ਸਕੇ। ਇਸ ਨਾਲ ਬਾਰਸ਼ਾਂ ਦੇ ਮੌਸਮ ਵਿੱਚ ਜਾਂ ਫ਼ਸਲ ਪੱਕਣ ਵੇਲੇ ਜਦੋਂ ਅਗੇਤੀ ਫ਼ਸਲ ਪੱਕ ਜਾਂਦੀ ਹੈ ਅਤੇ ਪਿਛੇਤੀ ਨੂੰ ਪਾਣੀ ਦੀ ਲੋੜ ਹੁੰਦੀ ਉਦੋਂ ਸੂਆ ਟੁੱਟਣ ਦੀ ਸਮੱਸਿਆ ਦਾ ਹੱਲ ਹੋ ਜਾਵੇਗਾ। ਇੱਕ ਵਾਰ ਸੂਆ ਟੁੱਟਣ ਨਾਲ ਤਿੰਨ ਤਰ੍ਹਾਂ ਦਾ ਨੁਕਸਾਨ ਹੋ ਜਾਂਦਾ ਹੈ। ਪਹਿਲਾ ਕਿਸਾਨਾਂ ਦੀ ਫ਼ਸਲ ਖ਼ਰਾਬ, ਦੂਜਾ ਸਰਕਾਰ ਦਾ ਖਰਚਾ ਅਤੇ ਤੀਜਾ ਫ਼ਸਲ ਦੇ ਖ਼ਰਾਬੇ ਦਾ ਸਰਕਾਰ ਨੂੰ ਮੁਆਵਜਾ ਵੀ ਦੇਣਾ ਪੈਣਾ ਹੈ। ਮੁਆਵਜਾ ਲੈਣ ਲਈ ਧਰਨੇ ਪ੍ਰਦਰਸ਼ਨ ਕਰਨੇ ਪੈਂਦੇ ਹਨ। ਜਿਸ ਨਾਲ ਆਮ ਲੋਕ ਜਿਹਨਾਂ ਦਾ ਕੋਈ ਲੈਣਾ ਦੇਣਾ ਵੀ ਨਹੀਂ ਉਹਨਾਂ ਨੂੰ ਵੀ ਕੁੱਝ ਸੇਕ ਝੱਲਣਾ ਪੈਂਦਾ ਹੈ ।

ਇਸ ਨਾਲ ਜਿਹੜੇ ਸੇਮ ਨਾਲੇ ਹਨ ਜਾਂ ਫਿਰ ਚੋਅ ਹਨ ਜਾਂ ਕੋਈ ਹੈਡਵਰਕਸ ਤੋਂ ਹੇਠਾਂ ਵੱਲ ਜਿਥੇਵਾਧੂ ਪਾਣੀ ਛੱਡਿਆ ਜਾਂਦਾ ਹੈ, ਉਥੇ ਸਭ ਜਗ੍ਹਾ ਰਿਚਾਰਜਿੰਗ ਵੈਲ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਹੇਠਲੇ ਪਾਣੀ ਦਾ ਪੱਧਰ ਠੀਕ ਹੋਵੇ। ਇਸ ਵਿੱਚ ਪੈਸੇ ਦੀ ਘਾਟ ਆ ਸਕਦੀ ਹੈ ਇਸ ਨੂੰ ਕਿਸ਼ਤਾਂ ਵਿੱਚ ਵੀ ਕੀਤਾ ਜਾ ਸਕਦਾ ਜਾਂ ਫਿਰ ਪ੍ਰੋਜੈਕਟ ਬਣਾ ਕਿ ਵਿਸ਼ਵ ਬੈਂਕ ਤੋਂ ਪੈਸਾ ਲਿਆ ਜਾ ਸਕਦਾ ਹੈ।

# ਮੁਫਤਖੋਰੀ ਦੀ ਸ਼ਤਰੰਜੀ ਬਿਸਾਤ ਉੱਤੇ ਜਿੱਤ ਹਾਸਲ ਕਰਨ ਦਾ ਰਿਵਾਜ

-ਦੀਪਿਕਾ ਅਰੋੜਾ



ਚੋਣ ਪ੍ਰਚਾਰ ਦੇ ਦੌਰਾਨ ਮੁਫ਼ਤ ਦੀਆਂ ਰਿਓੜੀਆਂ ਵੰਡਣ ਦੀ ਲਗਾਤਾਰ ਵਧਦੀ ਪ੍ਰਵਿਰਤੀ ਨੂੰ ਗੰਭੀਰਤਾਪੂਰਵਕ ਲੈਂਦੇ ਹੋਏ ਸੁਪਰੀਮ ਕੋਰਟ ਨੇ ਸਖ਼ਤ ਰੁਖ ਦਿਖਾਇਆ ਹੈ। ਵਰਨਣਯੋਗ ਹੈ ਕਿ ਮੁਫਤਖੋਰੀ ਦੇ ਵਧਦੇ ਰਿਵਾਜ਼ ਦੇ ਵਿਰੁੱਧ ਇਤਰਾਜ਼ ਕਰਦੇ ਹੋਏ ਬੀਤੇ ਦਿਨੀਂ ਅਸ਼ਵਿਨੀ ਉਪਾਧਿਆਏ ਨੇ ਲੋਕਹਿਤ ਵਿੱਚ ਰਿੱਟ ਦਾਇਰ ਕੀਤੀ ਸੀ, ਜਿਸ ਵਿੱਚਉਨ੍ਹਾਂਰਾਜਸੀ ਪਾਰਟੀਆਂ ਦੀ ਮਾਨਤਾ ਰੱਦ ਕਰਨ ਦੀ ਮੰਗ ਕੀਤੀ ਸੀ, ਜੋ ਚੋਣਾਂਜਿੱਤਣ ਲਈ ਜਨਤਾ ਨੂੰ ਮੁਫ਼ਤ ਸਹੂਲਤਾਂ ਦੇਣ ਜਾਂ ਚੀਜ਼ਾਂ ਵੰਡਣ ਦੇ ਵਾਅਦਿਆਂ ਨਾਲ ਆਪਣਾ ਵੋਟ ਬੈਂਕ ਮਜ਼ਬੂਤ ਕਰਨ ਦੀ ਤਾਕ ਵਿੱਚ ਹੁੰਦੀਆਂ ਹਨ। ਰਿੱਟ ਦਾ ਜਲਦੀ ਨੋਟਿਸ ਲੈਂਦੇ ਹੋਏ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਇਸ ਸਬੰਧੀ ਸਪੱਸ਼ਟੀਕਰਨ ਮੰਗਿਆ ਸੀ।ਕੇਂਦਰ ਸਰਕਾਰ ਇਸ ਕੇਸ ਵਿੱਚ ਮਜ਼ਬੂਤੀ ਪ੍ਰਦਰਸ਼ਿਤ ਕਰਨ ਅਤੇ ਚੋਣ ਕਮਿਸ਼ਨ ਵੱਲੋਂ ਉਦਾਸੀਨਤਾ ਦਿਖਾਉਣ ਤੋਂ ਨਾਰਾਜ਼ ਅਦਾਲਤ ਨੇ ਵਿੱਤ ਕਮਿਸ਼ਨ ਨਾਲ ਜ਼ਰੂਰੀ ਵਿਚਾਰ ਕਰਕੇ ਜਲਦੀ ਇਸ ਬਾਰੇ ਸਹੀ ਹੱਲ ਲੱਭਣ ਲਈ ਕਿਹਾ ਸੀ।

ਮੁਫ਼ਤ ਦੇ ਵਾਅਦਿਆਂ ਤੋਂ ਲੋਕਾਂ ਦੀਆਂ ਵੋਟਾਂ ਖੱਟਣ ਵਾਲੀਆਂ ਪਾਰਟੀਆਂ ਦੀ ਮਾਨਤਾ ਰੱਦ ਕਰਨ ਦੀ ਮੰਗ ਨੂੰ 'ਗੈਰ ਲੋਕਤਾਂਤਰਿਕ' ਮੰਨਦੇ ਹੋਏ ਅਦਾਲਤ ਨੇ ਇਸ ਨੂੰ ਨਾ ਵਿਚਾਰਨਯੋਗ ਕਰਾਰ ਦਿੱਤਾ, ਜਦ ਕਿ ਮੁਫਤਖੋਰੀ ਦੇ ਮੁੱਦੇ ਨੂੰ ਡੂੰਘਾਈ ਨਾਲ ਲੈਂਦੇ ਹੋਏ ਅਦਾਲਤ ਨੇ ਵੱਖ-ਵੱਖ ਧਿਰਾਂ ਤੋਂ ਇਸ ਦੇ ਹੱਲ ਸਬੰਧੀ ਘਰੇਲੂ ਸੁਝਾਅ ਮੰਗੇ ਹਨ।ਵਿਚਾਰਯੋਗ ਹੈ ਕਿ ਬੀਤੇ ਕੁਝ ਸਾਲਾਂ ਤੋਂ ਸਿਆਸਤ ਦੇ ਮਾਇਨੇ ਬਦਲ ਚੁੱਕੇ ਹਨ। ਵਿਕਾਸ ਦੇ ਨਾਂ ਉੱਤੇ ਝੂਠੇ ਲਾਅਰੇ ਲਾਉਣੇ ਅਤੇ ਮੁਫਤਖੋਰੀ ਦੀ ਸ਼ਤਰੰਜੀ ਬਿਸਾਤ ਉੱਤੇ ਜਿੱਤ ਹਾਸਲ ਕਰਨ ਦਾ ਬੇਹੂਦਾ ਰਿਵਾਜ਼ ਹੈ। ਕੁਰਸੀ ਦੇ ਇਸ ਦੰਗਲ ਵਿੱਚ ਭਰਮਾਊ ਹੱਥਕੰਡਿਆਂ ਦੀ ਖੁੱਲ੍ਹ ਕੇ ਵਰਤੋਂ ਹੁੰਦੀ ਹੈ। ਬਿਨਾਂ ਇਹ ਸੋਚੇ ਕਿ ਭਵਿੱਖ ਵਿਚ ਇਸਦੇ ਨਤੀਜੇ ਦੇਸ਼ ਦੇ ਸਮੁੱਚੇ ਵਿਕਾਸ ਅਤੇ ਅਰਥਵਿਵਸਥਾ ਉੱਤੇ ਕੀ ਅਸਰ ਪਾਉਣਗੇ। ਦੇਸ਼ ਤੇ ਸੂਬਾ ਪੱਧਰੀ ਵਿਵਸਥਾਵਾਂ ਤਾਂ ਇਸ ਨਾਲ ਪ੍ਰਭਾਵਿਤ ਤੇ ਪ੍ਰਦੂਸ਼ਿਤ ਹੁੰਦੀਆਂ ਹੀ ਹਨ, ਕੌਮਾਂਤਰੀ ਸਾਖ ਉੱਤੇ ਵੀ ਇਸ ਦਾ ਨਾਂਹ-ਪੱਖੀ ਅਸਰ ਪੈਂਦਾ ਹੈ।

ਨੁਕਸਾਨਦੇਹ ਦੇ ਰੂਪ ਵਿੱਚ ਚੋਣਾਂ ਦੀ ਹੋੜ ਦੇ ਸਵਾਰਥਪੂਰਨ ਘਟੀਆ ਚੱਕਰ ਦਾ ਅਸਲੀ ਖਪਤਕਾਰ ਵੋਟਰ ਨੂੰ ਬਣਨਾ ਪੈਂਦਾ ਹੈ। ਜਿਵੇਂ ਰਿੱਟਕਰਤਾ ਨੇ ਵੀ ਸਪੱਸ਼ਟ ਕੀਤਾ, ਸਿਆਸੀ ਪਾਰਟੀਆਂ ਵੱਲੋਂ ਲੋਕਾਂ ਦੀਆਂ ਵੋਟਾਂ ਖਰੀਦਣ ਦੀ ਕੋਸ਼ਿਸ਼ ਵਿੱਚ ਨਾ ਸਿਰਫ਼ ਸਮੁੱਚੀ ਚੋਣ ਪ੍ਰਕਿਰਿਆ ਦੂਸ਼ਿਤ ਹੁੰਦੀ ਹੈ, ਸਗੋਂ ਸਰਕਾਰੀ ਖਜ਼ਾਨੇ ਉੱਤੇ ਵੀ ਬੇਲੋੜਾ ਬੋਝ ਪੈਂਦਾ ਹੈ।ਮੁਫਤਖੋਰੀ ਦੇ ਇਸ ਰਿਵਾਜ਼ ਵਿੱਚ ਲੋਕਤੰਤਰੀ ਕਦਰਾਂ-ਕੀਮਤਾਂ ਦੀ ਖੁੱਲ੍ਹ ਕੇ ਅਣਦੇਖੀ ਹੁੰਦੀ ਅਤੇ ਆਦਰਸ਼ਮਈ ਵਿਵਸਥਾ ਦੀ ਕਲਪਨਾ ਤੇ ਸੂਖਮ ਲੀਡਰਸ਼ਿਪ ਮਿਲਣੀ ਵੀ ਸ਼ੱਕੀ ਸਥਿਤੀ ਵਿੱਚ ਆ ਜਾਂਦੇ ਹਨ। ਸਾਫ ਸ਼ਬਦਾਂ ਵਿੱਚ ਮੁਫਤ ਤੰਤਰ ਲੋਕਤੰਤਰ ਉੱਤੇ ਹੱਕ ਜਮਾਉਂਦਾ ਹੋਇਆ ਜਾਪਣ ਲੱਗਦਾ ਹੈ।

ਆਮਦਨ ਪ੍ਰਬੰਧ ਦੇ ਸਮੁੱਚੇ ਸਰੋਤ ਨਾ ਮਿਲਣ ਦੀ ਦਿਸ਼ਾ ਵਿੱਚ ਇਸ ਤਰਕਹੀਣ ਵਾਧੂ ਕਰਜ਼ੇ ਦੇ ਭਾਰ ਨਾਲ ਸੂਬੇ ਦੀ ਵਿੱਤੀ ਹਾਲਤ ਹੋਰ ਗੜਬੜਾ ਜਾਂਦੀ ਹੈ ਤੇ ਲਗਾਤਾਰ ਵਧਦੀ ਮਹਿੰਗਾਈ, ਬੇਰੋਜ਼ਗਾਰੀ ਵਰਗੀਆਂ ਸਮੱਸਿਆਵਾਂ ਦੇ ਰੂਪ ਵਿੱਚ ਪਰਿਭਾਸ਼ਿਤ ਹੁੰਦੀ ਹੈ। ਰਿੱਟਕਰਤਾ ਨੇ ਮਿਸਾਲ ਦੇ ਤੌਰ ਉੱਤੇ ਪੰਜਾਬ ਦੀ ਮੌਜੂਦਾ ਸਥਿਤੀ ਦਾ ਵਰਣਨ ਕਰਦੇ ਹੋਏ ਕਿਹਾ ਕਿ ਪੰਜਾਬ ਉੱਤੇ ਤਿੰਨ ਕਰੋੜ ਰੁਪਏ ਕਰਜ਼ਾ ਹੈ। ਇਸ ਰਾਜ ਦੀ ਮੌਜੂਦਾ ਆਬਾਦੀ ਤਿੰਨ ਕਰੋੜ ਹੈ। ਭਾਵ ਮੌਜੂਦਾ ਹਾਲਤ ਵਿੱਚ ਹਰ ਪੰਜਾਬੀ ਅਸਿੱਧੇ ਤੌਰ ਉੱਤੇ 1 ਲੱਖ ਰੁਪਏ ਦਾ ਦੇਣਦਾਰ ਹੈ। ਵਿਚਾਰਯੋਗ ਹੈ ਕਿ ਅਜਿਹੀ ਅਵਿਵਸਥਾ ਵਿੱਚ ਮੁਫਤਖੋਰੀ ਦਾ ਵਾਧੂ ਭਾਰ ਕੌਣ ਅਤੇ ਕਿਵੇਂ ਸਹਿਣ ਕਰੇਗਾ? ਯਕੀਨੀ ਤੌਰ ਉੱਤੇ ਸਿਆਸੀ ਮੁਕਾਬਲੇਬਾਜ਼ੀ ਦੇ ਇਸ ਭਰਮਾਉਣੇ ਪੁੜਾਂ ਵਿੱਚਟੈਕਸ ਰਾਸ਼ੀ ਦੇ ਰਾਹੀਂ ਜਾਂ ਵਸਤੂ-ਕੀਮਤਾਂ ਵਿੱਚ ਹੋਏ ਬੇਹਤਾਸ਼ਾ ਵਾਧਾ ਅਦਾ ਕਰ ਕੇ ਆਮ ਲੋਕਾਂ ਨੂੰ ਹੀ ਪਿੱਸਣਾ ਹੋਵੇਗਾ।ਪੂਰੇ ਦੇਸ਼ ਉੱਤੇ 70 ਲੱਖ ਕਰੋੜ ਰੁਪਏ ਕਰਜ਼ਾ ਹੈ। ਅਜਿਹੇ ਵਿੱਚ ਜੇਕਰ ਸਰਕਾਰ ਮੁਫ਼ਤ ਸਹੂਲਤ ਦਿੰਦੀ ਹੈ ਤਾਂ ਕਰਜ਼ਾ ਹੋਰ ਵਧ ਹੋ ਜਾਵੇਗਾ। ਰਿੱਟਕਰਤਾ ਦਾ ਇਹ ਕਥਨ ਯਕੀਨਨ ਜਨਕੇਂਦਰਿਤ ਅਤੇ ਦੇਸ਼ ਹਿਤ ਨਾਲ ਜੁੜਿਆ ਗੰਭੀਰ ਮੁੱਦਾ ਹੈ। ਇਸ ਬਾਰੇ ਕੇਂਦਰ ਸਰਕਾਰ ਨੇ ਪੱਲਾ ਝਾੜਦੇ ਹੋਏ ਪੂਰੀ ਜ਼ਿੰਮੇਵਾਰੀ ਚੋਣ ਕਮਿਸ਼ਨ ਉੱਤੇ ਪਾ ਦਿੱਤੀਤਾਂ ਚੋਣ ਕਮਿਸ਼ਨ ਵੱਲੋਂ ਇਸ ਬਾਰੇ ਹੱਥ ਖੜ੍ਹੇ ਕਰ ਲੈਣੇ ਭਲਾ ਕਿਸ ਪੱਖ ਤੋਂ ਤਰਕਸੰਗਤ ਹੈ?

ਇਸ ਵਿੱਚ ਪ੍ਰਭਾਵਹੀਣ ਵੋਟਰ ਵੀ ਸਵਾਲੀਆ ਨਿਸ਼ਾਨ ਦੇ ਘੇਰੇ ਵਿੱਚ ਆਉਂਦੇ ਹਨ ਪਰ ਪ੍ਰਬੰਧਕੀ ਇਲਾਜ ਦੇ ਨਾਂ ਉੱਤੇ ਕੇਂਦਰ ਅਤੇ ਚੋਣ ਕਮਿਸ਼ਨ ਦੀ ਮਜ਼ਬੂਰੀ ਜਾਂ ਉਦਾਸੀਨਤਾ ਪ੍ਰਗਟਾਉਣ ਵਾਲਾ ਵਤੀਰਾ ਵੀ ਕਿਸੇ ਪੱਖੋਂ ਮੰਨਣਯੋਗ ਨਹੀਂ ਹੋ ਸਕਦਾ। ਕੀ ਲੋਕਤੰਤਰੀ ਚੋਣ ਪ੍ਰਕਿਰਿਆ ਦੀ ਆਤਮਿਕ ਸੁਚਿਤਾ ਨੂੰ ਬਣਾਈ ਰੱਖਣ ਲਈ ਨਿਯਮ-ਕਾਨੂੰਨ ਬਾਰੇ ਸਹੀ ਹੱਲ ਕੱਢਣਾ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਦੇ ਫਰਜ਼ ਨਿਭਾਉਣ ਵਿੱਚ ਨਹੀਂ ਆਉਂਦਾ? ਦੇਸ਼ ਹਿੱਤ ਦੇ ਬਾਰੇ ਪ੍ਰਤੀਬੱਧਤਾ ਤੇ ਲੋਕ ਭਲਾਈ ਲੋਕਤੰਤਰੀ ਚੋਣ ਪ੍ਰਣਾਲੀ ਦੇ ਮੂਲ ਆਧਾਰ ਹਨ, ਪਰ ਮੁਫਤਖੋਰੀ ਦੀ ਆੜ ਵਿੱਚ ਆਪਣੇ ਪੈਰ ਜਮਾਉਣੇ ਧੋਖਾਦੇਹੀ ਦੇ ਇਲਾਵ ਕੁਝ ਵੀ ਨਹੀਂ। ਬਿਨਾਂ ਸ਼ੱਕ ਧੋਖੇ ਦੇ ਇਸ ਅਪਰਾਧੀਕਰਨ ਵਿੱਚ ਉਹ ਵੋਟਰ ਦੀ ਭਾਈਵਾਲ ਹਨ, ਜੋ ਗੁਣਵੱਤਾ ਦੀ ਥਾਂ ਉੱਤੇ ਮੁਫਤਖੋਰੀ ਨੂੰ ਤਰਜੀਹ ਦਿੰਦੇ ਹਨ।

ਸਰਕਾਰਾਂ, ਸੰਸਥਾਵਾਂ, ਵੋਟਰਾਂ ਸਭ ਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਕਿਸੇ ਵੀ ਦੇਸ਼ ਦੀ ਤਰੱਕੀ, ਖੁਸ਼ਹਾਲੀ ਦੀ ਸੰਪਰਨਤਾ ਦਾ ਗੁੜ੍ਹਾ ਰਾਜ਼ ਮਿਹਨਤ ਵਿੱਚ ਛੁਪਿਆ ਹੁੰਦਾ ਹੈ। ਮੁਫਤਖੋਰੀ ਦੀ ਲਾਲਸਾ ਸਿਸਟਮ ਅਤੇ ਨਾਗਰਿਕਾਂ ਦੋਵਾਂ ਨੂੰ ਇੱਕ ਲਟਕਣ ਵਾਲੀ ਸਥਿਤੀ ਵੱਲ ਧੱਕਦੀ ਹੈ, ਕਿਉਂਕਿ ਵਿਹਲੜਪਣੇ ਦੀ ਸਿਉਂਕ ਕਰਮਸ਼ੀਲਤਾ ਦੇ ਆਤਮ-ਸਨਮਾਨੀ ਭਾਵ ਨੂੰ ਅੰਦਰੋਂ-ਅੰਦਰੀ ਚਟਮ ਕਰ ਜਾਂਦੀ ਹੈ।

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਮੁਫਤ ਦੀਆਂ ਸੌਗਾਤਾਂ ਅਤੇ ਭਲਾਈ ਯੋਜਨਾਵਾਂ ਦੋ ਵੱਖਰੀਆਂ ਚੀਜ਼ਾਂ ਹਨ। ਲੋਕ ਭਲਾਈ ਯੋਜਨਾਵਾਂ ਯਕੀਨੀ ਤੌਰ ਉੱਤੇਦੇਸ਼ ਦੇ ਵਿਕਾਸ ਦੀਆਂ ਸੂਚਕ ਹਨ ਤਾਂ ਮੁਫ਼ਤਖੋਰੀ ਵਿਕਾਸ ਵਿੱਚ ਅਪੰਗਤਾ ਹੈ। ਇਸ ਬਾਰੇ ਗੁਆਂਢੀ ਸ਼੍ਰੀਲੰਕਾ ਦੀ ਭਖਦੀ ਮਿਸਾਲ ਸਾਡੇ ਸਾਹਮਣੇ ਹੈ। ਸਿੱਖਿਆ ਕਿਤੋਂ ਵੀ ਮਿਲੇ ਜ਼ਿੰਦਗੀ ਵਿੱਚ ਢਾਲਣੀ ਜ਼ਰੂਰੀ ਹੈ, ਨਹੀਂ ਤਾਂ ਸਮਾਜਿਕ ਪੱਖੋਂ ਗੁੱਸਾ ਜਾਂ ਘਾਟੇ ਦੇ ਇਲਾਵਾ ਹੋਰ ਕੋਈ ਬਦਲ ਨਹੀਂ ਬਚਦਾ। ਮੁਫ਼ਤ ਵਿੱਚ ਵੰਡੀਆਂ ਗਈਆਂ ਰਿਓੜੀਆਂ ਅਖੀਰ ਜਨਤਾ ਉੱਤੇ ਭਾਰੀ ਪੈਣਗੀਆਂ। ਇਸ ਲਈ ਮੌਜੂਦਾ ਹਾਲਾਤ ਦੇ ਇੱਕ ਨਿੱਜੀ, ਇੱਕ ਅਜਿਹੀ ਵਿਵਸਥਾ ਦਾ ਹੋਣਾ ਜ਼ਰੂਰੀ ਹੈ ਜਿਸ ਨਾਲ ਤਰਕਹੀਣ ਮੁਫਤਖੋਰੀ ਉੱਤੇ ਰੋਕ ਲੱਗ ਸਕੇ ਅਤੇ ਲੋਕਭਲਾਈ ਯੋਜਨਾਵਾਂ ਅਤੇ ਵਿੱਤ ਪ੍ਰਬੰਧਨ ਰਾਹੀਂ ਜ਼ਰੂਰੀ ਸੰਤੁਲਨ ਸੰਭਵ ਹੋ ਸਕੇ।

# ਸੁਰਮਾ ਪੂਛਾਂ ਵਾਲਾ ਪਾਵੇ..

-ਜੱਗਾ ਸਿੰਘ ਆਦਮਕੇ

ਵੱਖ ਵੱਖ ਖਿੱਤਿਆਂ, ਸੱਭਿਆਚਾਰਾਂ ਦੇ ਲੋਕਾਂ ਦੇ ਆਪਣੇ ਆਪਣੇ ਪਹਿਰਾਵੇ, ਹਾਰ ਸ਼ਿੰਗਾਰ ਦੇ ਤਰੀਕੇ ਅਤੇ ਸਾਧਨ ਹੁੰਦੇ ਹਨ। ਇਹੀ ਕੁਝ ਪੰਜਾਬੀਆਂ ਉੱਤੇ ਲਾਗੂ ਹੁੰਦਾ ਹੈ। ਪੰਜਾਬੀਆਂ, ਖਾਸ ਕਰਕੇ ਔਰਤਾਂ ਦੇ ਸ਼ਿੰਗਾਰ ਦਾ ਇੱਕ ਹਿੱਸਾ ਸੁਰਮਾ ਪਾਉਣਾ ਹੈ। ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਸੁਰਮੇ ਦਾ ਉਪਯੋਗ ਹੁੰਦਾ ਹੈ। ਭਾਰਤ ਦੇ ਉਤਰੀ ਖਿੱਤੇ ਵਿੱਚ ਵੀ ਸੁਰਮੇ ਦੀ ਵਰਤੋਂ ਬਹੁਤ ਪੁਰਾਤਨ ਸਮੇਂ ਤੋਂ ਹੁੰਦੀ ਆਈ ਹੈ। ਇਸ ਦਾ ਪ੍ਰਮਾਣ ਪੁਰਤਾਨ ਮੂਰਤੀਆਂ ਦੀਆਂ ਅੱਖਾਂ ਵਿੱਚ ਸੁਰਮਾ ਪਾਏ ਹੋਣ ਦੇ ਲੱਛਣ ਤੇ ਸਿੰਧ ਘਾਟ ਦੀ ਸੱਭਿਅਤਾ ਨਾਲ ਸਬੰਧਤ ਖੁਦਾਈ ਸਮੇਂ ਸੁਰਮੇਦਾਨੀਆਂ ਦਾ ਮਿਲਣਾ ਹੈ। ਵੱਖ-ਵੱਖ ਸੱਭਿਆਚਾਰਾਂ ਵਿੱਚ ਸੁਰਮੇ ਦੀ ਵਰਤੋਂ ਹੁੰਦੀ ਹੈ। ਇਸ ਨੂੰ ਸੁਰਮਾ, ਕਜਲਾ, ਅੰਜਨ, ਕਾਜਲ ਆਦਿ ਵੱਖ ਵੱਖ ਨਾਵਾਂ ਨਾਲ ਬੁਲਾਇਆ ਜਾਂਦਾ ਹੈ। ਗੁਰਬਾਣੀ ਵਿੱਚ ਸੁਰਮੇ ਨੂੰ ਵੱਖ ਵੱਖ ਅਰਥਾਂ ਵਿੱਚ ਪ੍ਰਤੀਕਾਂ ਦੇ ਰੂਪ ਵਿੱਚ ਬਹੁਤ ਸਾਰੇ ਥਾਵਾਂ ਉੱਤੇ ਵਰਤਿਆਂ ਮਿਲਦਾ ਹੈ-

*ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥*
*ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥*

ਕੁਝ ਇਸੇ ਤਰ੍ਹਾਂ ਅਗਿਆਨਤਾ ਅਤੇ ਦੂਸਰੇ ਵਰਤਾਰਿਆਂ ਸਬੰਧੀ ਵੀ ਸੁਰਮੇ (ਅੰਜਨ) ਦੀ ਵਰਤੋਂ ਗੁਰਬਾਣੀ ਵਿੱਚ ਕੀਤੀ ਕੁਝ ਇਸ ਤਰ੍ਹਾਂ ਮਿਲਦੀ ਹੈ-

*ਅੰਜਨ ਮਾਹਿ ਨਿਰੰਜਨਿ ਰਹੀਐ*
*ਜੋਗ ਜੁਗਤਿ ਇਵ ਪਾਈਐ॥*

ਭਾਵੇਂ ਪੰਜਾਬੀਆਂ ਵਿੱਚ ਮੁੱਖ ਰੂਪ ਵਿੱਚ ਔਰਤਾਂ ਵੱਲੋਂ ਸੁਰਮੇ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਕੁਝ ਕੁ ਪੰਜਾਬੀ ਪੁਰਸ਼ਾਂ ਵੱਲੋਂ ਸ਼ੌਕੀਆ ਜਾਂ ਵਿਸ਼ੇਸ਼ ਮੌਕਿਆਂ ਸਮੇਂ ਸੁਰਮੇ ਦੀ ਵਰਤੋਂ ਹੁੰਦੀ ਹੈ। ਜਿੱਥੇ ਸ਼ਿੰਗਾਰ ਦੇ ਦੂਸਰੇ ਪੱਖ ਸੁੰਦਰਤਾ ਨੂੰ ਨਿਖਾਰਨ ਦੇ ਲਈ ਹਨ, ਉਥੇ ਸੁਰਮਾ ਪਾਉਣ ਦੀ ਧਾਰਨਾ ਪਿੱਛੇ ਅੱਖਾਂ ਦੀ ਤੰਦਰੁਸਤੀ ਕਾਇਮ ਰੱਖਣਾ ਤੇ ਇਨ੍ਹਾਂ ਨੂੰ ਹੋਰ ਆਕਰਸ਼ਕ ਬਣਾਉਣਾ ਹੈ। ਸੁਰਮਾ ਨਜ਼ਰ ਤੋਂ ਬਚਾਉਣ ਵਾਲਾ ਸਰੋਤ ਮੰ-ਨਆ ਜਾਂਦਾ ਹੈ, ਉਥੇ ਨਜ਼ਰ ਤੋਂ ਬਚਾਉਣ ਲਈ ਬੱਚਿਆਂ ਅਤੇ ਔਰਤਾਂ ਦੇ ਚਿਹਰੇ ਉੱਤੇ ਸੁਰਮੇ ਨਾਲ ਟਿੱਕਾ ਲਾਇਆ ਜਾਂਦਾ ਹੈ। ਸੁਰਮੇ ਦੀ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਪਛਾਣ ਅਤੇ ਮਹੱਤਵ ਹੈ। ਇਸ ਕਾਰਨ ਪੰਜਾਬੀ ਲੋਕ ਗੀਤਾਂ ਵਿੱਚ ਇਸਦਾ ਵੱਡੇ ਪੱਧਰ ਉੱਤੇ ਜ਼ਿਕਰ ਹੈ-

*ਵਗਦੀ ਸੀ ਰਾਵੀ ਵਿੱਚ ਸੁਰਮਾ ਕਿਸ ਨੇ ਡੋਲ੍ਹਿਆ।*
*ਰੱਖੇਂ ਮੂੰਹ ਵੇ ਫਲਾਈ, ਕਦੇ ਹੱਸ ਕੇ ਨਾ ਬੋਲਿਆ।*

ਹੋਰ ਹਾਰ ਸ਼ਿੰਗਾਰ ਦੇ ਸਾਧਨਾਂ ਦੇ ਨਾਲ ਪੰਜਾਬੀ ਮੁਟਿਆਰਾਂ ਵੱਲੋਂ ਚਾਅ ਨਾਲ ਅੱਖਾਂ ਨੂੰ ਸੁਰਮੇ ਨਾਲ ਸ਼ਿੰਗਾਰਿਆ ਜਾਂਦਾ ਹੈ। ਜੇ ਅੱਖਾਂ ਵਿੱਚ ਪਾਇਆ ਸੁਰਮਾ ਪੂਛਾਂ ਵਾਲਾ ਹੋਵੇ ਤਾਂ ਹੋਰ ਵੀ ਵਧੀਆ ਸਾਬਤ ਹੁੰਦਾ ਹੈ-

*ਓਏ ਜੁਗਨੀ ਜਦੋਂ ਸ਼ਹਿਰ ਨੂੰ ਜਾਵੇ*
*ਨੱਕ ਵਿੱਚ ਕੋਕੇ ਨੂੰ ਮਟਕਾਵੇ*
*ਸੁਰਮਾ ਪੂਛਾਂ ਵਾਲਾ ਪਾਵੇ*
*ਓ ਵੀਰ ਮੇਰਿਆ ਜੁਗਨੀ ਕਹਿੰਦੀ ਐ*
*ਜਿਹੜੀ ਨਾਮ ਸਾਈ ਦਾ ਲੈਂਦੀ ਐ।*

ਵਿਆਹ ਲਈ ਜਾਂਦਾ ਮੇਲ ਤੇ ਉਹ ਵੀ ਜੇ ਨਾਨਕਾ ਮੇਲ ਹੋਵੇ, ਤਾਂ ਪੂਰਾ ਪਹਿਨ ਪੱਚਰ ਕੇ ਜਾਂਦਾ ਹੈ। ਗਹਿਣੇ ਗੱਟੇ ਪਾਉਣ ਦੇ ਨਾਲ ਮੇਲ ਦੀਆਂ ਔਰਤਾਂ ਵੱਲੋਂ ਸੁਰਮੇ ਨਾਲ ਅੱਖਾਂ ਨੂੰ ਸ਼ਿੰਗਾਰਿਆ ਜਾਂਦਾ ਹੈ। ਲੋਕ ਬੋਲੀਆਂ ਵਿੱਚ ਮੇਲਣਾਂ ਦੇ ਇਸ ਪੱਖ ਸਬੰਧੀ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

*ਕੱਲ੍ਹ ਦਾ ਆਇਆ ਮੇਲ ਸੁਣੀਂਦਾ*
*ਸੁਰਮਾ ਸਭ ਨੇ ਨੈਣੀਂ ਪਾਇਆ।*
*ਗਹਿਣੇ ਗੱਟੇ ਸਭ ਨੂੰ ਸੋਂਹਦੇ*
*ਸਭ ਦਾ ਰੂਪ ਸਵਾਇਆ।*

ਸੁਰਮਾ ਕੇਵਲ ਅੱਖਾਂ ਵਿੱਚ ਪਾਉਣ ਤੱਕ ਸੀਮਤ ਨਹੀਂ, ਇਹ ਵੱਡੇ ਅਰਥਾਂ ਦਾ ਧਾਰਨੀ ਹੈ। ਏਸੇ ਕਾਰਨ ਸੁਰਮੇ ਦੇ ਅਜਿਹੇ ਪੱਖਾਂ ਸਬੰਧੀ ਲੋਕ ਗੀਤਾਂ ਵਿੱਚ ਵਰਣਨ ਵੱਖ ਵੱਖ ਤਰੀਕਿਆਂ ਨਾਲ ਕੁਝ ਇਸ ਤਰ੍ਹਾਂ ਮਿਲਦਾ ਹੈ-

*ਸੁਰਮਾ ਰੇਲ ਗੱਡੀ ਚੜ੍ਹ ਆਇਆ*
*ਇੱਕ ਲੱਪ ਸੁਰਮੇ ਦੀ*
*ਸੁਰਮਾ ਕਿਹੜੀ ਕੁੜੀ ਨੇ ਮੰਗਵਾਇਆ*
*ਇੱਕ ਲੱਪ ਸੁਰਮੇ ਦੀ*
*ਸੁਰਮਾ ਲਾੜੇ ਦੀ ਭੈਣ ਮੰਗਵਾਇਆ*
*ਇੱਕ ਲੱਪ ਸੁਰਮੇ ਦੀ*
*ਸੁਰਮਾ ਪਾਵੇ ਯਾਰ ਹੰਢਾਵੇ*
*ਇੱਕ ਲੱਪ ਸੁਰਮੇ ਦੀ।*

ਸੁਰਮਾ ਮੁਟਿਆਰ ਦੇ ਰੂਪ ਨੂੰ ਹੋਰ ਨਿਖਾਰਨ ਦਾ ਕੰਮ ਕਰਦਾ ਹੈ। ਏਸੇ ਲਈ ਸੁਹਾਗ ਪਟਾਰੀ ਵਿੱਚ ਸੁਰਮੇਦਾਨੀ ਨੂੰ ਵਿਸ਼ੇਸ਼ ਥਾਂ ਦਿੱਤੀ ਜਾਂਦੀ ਹੈ। ਸੁਰਮੇ ਦੀ ਅਜਿਹੀ ਵਿਸ਼ੇਸ਼ਤਾ ਕਾਰਨ ਹੀ ਵਿਆਹ ਦੇ ਗੀਤਾਂ ਵਿੱਚ ਵਿਆਹੁਤਾ ਦੇ ਪਾਏ ਸੁਰਮੇ ਦੀ ਪ੍ਰਸ਼ੰਸਾ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ-

*ਅੱਖਾਂ ਵੀ ਤੇਰੀਆਂ ਮੋਟੀਆਂ ਭੈਣੇ*
*ਕੋਈ ਜਿਉਂ ਮਿਰਗਾਂ ਦੀ ਡਾਰ*
*ਸੁਰਮਾ ਧਾਰੀ ਬੰਨ੍ਹਣਾ*
*ਕੋਈ ਮਿਲੇ ਰੂਪ ਦੇਨੀਂ*
*ਖੰਡ ਤੋਂ ਮਿੱਠੀਏ ਨੀਂ-ਨਾਲ*

ਕਿਸੇ ਦੀਆਂ ਅੱਖਾਂ ਵਿੱਚ ਪਾਇਆ ਸੁਰਮਾ ਸਬੰਧਤ ਇਨਸਾਨ ਦੇ ਰੂਪ ਨੂੰ ਨਿਖਾਰਨ ਦਾ ਕੰਮ ਕਰਦਾ ਹੈ। ਸੁਰਮਾ, ਕਜਲੇ ਦੇ ਇਸ ਪੱਖ ਕਾਰਨ ਇਸ ਦਾ ਵਰਣਨ ਵਿਆਹ ਸਮੇਂ ਗਿੱਧੇ ਦੀਆਂ ਬੋਲੀਆਂ ਤੇ ਗੀਤਾਂ ਵਿੱਚ ਇਸ ਤਰ੍ਹਾਂ ਹੈ-

*ਜੰਗੀਰ ਕੁਰ ਕੁੜੀ ਦੀਆਂ ਵਾਲੀਆਂ ਨੀਂ*
*ਲੋਹੜੇ ਮਾਰੀਆਂ ਨੀਂ*
*ਦੂਜਾ ਬਾਜੂਬੰਦ ਨੀਂ*
*ਤੀਜਾ ਮੱਥੇ ਦੀ ਬਿੰਦੀ ਤੇਰੀ*
*ਖੂਨ ਗੁਜ਼ਾਰਦੀ ਨੀਂ*
*ਚੌਥਾ ਅੱਖਾਂ ਦਾ ਕਜਲਾ*
*ਸੈਨਤਾਂ ਮਾਰਦਾ ਨੀਂ*

ਸੁਰਮਾ ਹਾਰ ਸ਼ਿੰਗਾਰ ਦਾ ਸਾਧਨ ਹੋਣ ਦੇ ਨਾਲ ਕਿਸੇ ਲਈ ਸੰਦੇਸ਼ ਵਾਹਕ ਦਾ ਕੰਮ ਕਰਨ ਵਾਲਾ ਤੇ ਕਿਸੇ ਲਈ ਖ਼ਤ ਲਿਖਣ ਸਮੇਂ ਸਿਆਸੀ ਬਣਨ ਦਾ ਕੰਮ ਵੀ ਕਰਦਾ ਹੈ। ਕੁਝ ਇਸ ਤਰ੍ਹਾਂ ਕਰਨ ਦੀ ਕਲਪਨਾ ਪੰਜਾਬੀ ਬੋਲੀਆਂ ਤੇ ਲੋਕ ਗੀਤਾਂ ਵਿੱਚ ਕੁਝ ਇਸ ਤਰ੍ਹਾਂ ਮਿਲਦੀ ਹੈ-

*ਲਿਖਣ ਬੈਠੀ ਕਿੰਝ ਲਿਖਾਂ ਮੈਂ*
*ਕੋਲ ਨਾ ਮੇਰੇ ਸਿਆਹੀ*
*ਨੈਣਾਂ ਦਾ ਕੱਜਲ ਮੈਂ ਸਿਆਹੀ ਬਣਾਵਾਂ*
*ਹੰਝੂਆਂ ਦਾ ਪਾਇਆ ਪਾਣੀ*

ਵਿਆਹ ਸਮੇਂ ਕਈ ਅਰਥ ਭਰਪੂਰ ਰਸਮਾਂ ਨੂੰ ਨਿਭਾਇਆ ਜਾਂਦਾ ਹੈ। ਇਨ੍ਹਾਂ ਨਾਲ ਵਿਆਹ ਦਾ ਮੌਕਾ ਹੋਰ ਰੰਗੀਨ ਹੁੰਦਾ ਹੈ, ਉਥੇ ਬਹੁਤ ਸਾਰੇ ਦੂਸਰੇ ਪੱਖਾਂ ਸਬੰਧੀ ਵੀ ਇਨ੍ਹਾਂ ਦਾ ਮਹੱਤਵ ਹੈ। ਮੁੰਡੇ ਦੇ ਵਿਆਹ ਸਮੇਂ ਨਿਭਾਈਆ ਜਾਂਦੀਆਂ ਰਸਮਾਂ ਵਿੱਚੋਂ ਇੱਕ ਹੈ 'ਸੁਰਮਾ ਪਾਉਣਾ।' ਜੰਨ ਚੜ੍ਹਨ ਲਈ ਤਿਆਰ ਹੋਣ ਉੱਤੇ ਵਿਆਹ ਵਾਲੇ ਮੁੰਡੇ ਦੇ ਸੁਰਮਾ ਪਾਉਣਾ, ਉਸ ਦਾ ਰੂਪ ਹੋਰ ਸ਼ਿੰਗਾਰਨ ਅਤੇ ਇੱਕ ਵਿਸ਼ਵਾਸ ਅਨੁਸਾਰ ਪਰਾਈਆਂ ਰੂਹਾਂ ਤੋਂ ਸੁਰੱਖਿਆ ਲਈ ਪਾਇਆ ਜਾਂਦਾ ਹੈ। ਇਹ ਰਸਮ ਵਿਆਹ ਵਾਲੇ ਮੁੰਡੇ ਦੀ ਭਰਜਾਈ ਜਾਂ ਭਰਜਾਈ ਦੀ ਥਾਂ ਲੱਗਦੀ ਔਰਤ ਵੱਲੋਂ ਨਿਭਾਈ ਜਾਂਦੀ ਹੈ। ਇਸ ਸਮੇਂ ਵਿਆਹ ਵਾਲੇ ਮੁੰਡੇ ਵੱਲੋਂ ਸੁਰਮਾ ਪਾਉਣ ਵਾਲੀ ਆਪਣੀ ਭਰਜਾਈ ਨੂੰ ਕੁਝ ਰਾਸ਼ੀ ਜਾਂ ਉਪਹਾਰ ਵੀ ਦਿੱਤਾ ਜਾਂਦਾ ਹੈ। ਸੁਰਮਾ ਪਾਉਣ ਦੀ ਇਸ ਰਸਮ ਨੂੰ ਨਿਭਾਉਣ ਸਮੇਂ ਦੋਹੇ ਗਾਏ ਜਾਂਦੇ ਹਨ-

*ਪਹਿਲੀ ਸਲਾਈ ਰਸ ਭਰੀ ਦਿਉਰਾ*
*ਦੂਜੀ ਤਿੱਲੇ ਦੀ ਤਾਰ*
*ਤੀਜੀ ਸਲਾਈ ਤਾਂ ਪਾਵਾਂ ਦਜ ਮੋਹਰਾਂ ਦੇਵੇ*
*ਜਿਉਣ ਜੋਗਿਆ ਵੇ-ਚਾਰ*

ਇਸ ਤਰ੍ਹਾਂ ਸੁਰਮਾ ਪਾਉਣ ਦਾ ਉਦੇਸ਼ ਹੁੰਦਾ ਹੈ ਕਿ ਸੁਰਮਾ ਪਾਉਣ ਵਾਲਾ ਵੇਖਣ ਵਾਲਿਆਂ ਨੂੰ ਸੋਹਣਾ ਲੱਗੇ। ਇਸ ਤਰ੍ਹਾਂ ਕਿਸੇ ਦੇ ਪਾਏ ਸੁਰਮੇ ਤੋਂ ਸੁਰਮਾ ਪਾਉਣ ਵਾਲੇ ਦੀ ਕਲਾਕਾਰੀ ਵੀ ਝਲਕਦੀ ਹੈ। ਕਿਸੇ ਦੀ ਸੁੰਦਰਤਾ ਨੂੰ ਨਿਖਾਰਨ ਲਈ ਸੁਰਮਾ ਪਾਉਣ ਤੇ ਪਵਾਉਣ ਵਾਲੇ ਦੇ ਪੱਖ ਸਪੱਸ਼ਟ ਹੁੰਦੇ ਹਨ। ਵਿਆਹ ਵਿੱਚ ਗਾਈਆਂ ਜਾਂਦੀਆਂ ਸਿੱਠਣੀਆਂ ਵਿੱਚ ਅਜਿਹੇ ਪੱਖ ਨੂੰ ਆਧਾਰ ਬਣਾ ਕੇ ਵਿਆਹ ਵਾਲੇ ਮੁੰਡੇ ਨੂੰ ਕੁਝ ਇਸ ਤਰ੍ਹਾਂ ਕਿਹਾ ਜਾਂਦਾ ਹੈ-

*ਲਾੜਿਆ, ਸਾਫਾ ਬੰਨ੍ਹਿਆ ਰੰਗਦਾਰ*
*ਅੱਖੀਂ ਮਣ ਮਣ ਸੁਰਮਾ*
*ਅੱਖਾਂ ਟੀਰਮ ਟੀਰੀਆਂ*
*ਕੀ ਝਾਕੇਂ ਵੇ ਟੇਢਾ।*

ਭਾਵੇਂ ਸੁਰਮਾ ਵਿਆਹੀਆਂ ਔਰਤਾਂ ਦੇ ਹਾਰ ਸ਼ਿੰਗਾਰ ਦਾ ਹਿੱਸਾ ਹੈ, ਪਰ ਅਣਵਿਆਹੀਆਂ, ਪਤੀ ਤੋਂ ਦੂਰ ਵਰਜਿਤ ਮੰਨਿਆ ਜਾਂਦਾ ਹੈ। ਇਸ ਸਬੰਧੀ ਬਹੁਤ ਸਾਰੀਆਂ ਪੰਜਾਬੀ ਲੋਕ ਬੋਲੀਆਂ ਤੇ ਗੀਤਾਂ ਵਿੱਚ ਸੁਰਮਾ ਪਾਉਣ ਤੋਂ ਕਿਸੇ ਕਾਰਨ ਵਾਂਝੇ ਰਹਿ ਕੇ ਅਧੂਰੀਆਂ ਸੱਧਰਾਂ ਨੂੰ ਵੱਖ ਵੱਖ ਰੂਪਾਂ ਵਿੱਚ ਬਿਆਨ ਕਰਿਆ ਮਿਲਦਾ ਹੈ-

*ਦੂਰ ਵਸੇਦਿਆ ਮਾਹੀਆ*
*ਦੱਸ ਕਿਵੇਂ ਦਿਲ ਪ੍ਰਚਾਵਾਂ।*
*ਦੁਨੀਆ ਭੈੜੀ ਮਾਰੇ ਤਾਅਨੇ*
*ਸੁਰਮਾ ਕਿਸ ਬਹਾਨੇ ਪਾਵਾਂ।*

ਭਾਵੇਂ ਕੋਈ ਕਿੰਨਾ ਵੀ ਸੁੰਦਰ ਹੋਵੇ, ਅੱਖੀਂ ਪਾਏ ਸੁਰਮੇ ਦਾ ਆਪਣਾ ਮਹੱਤਵ ਹੈ। ਸੁੰਦਰਤਾ ਦੇ ਬਾਵਜੂਦ ਅੱਖੀਂ ਪਾਇਆ ਸੁਰਮਾ ਆਪਣੀ ਹੋਂਦ ਵਿਖਾਉਂਦਾ ਹੈ-

*ਗੋਰਾ ਰੰਗ ਸ਼ਰਬਤੀ ਅੱਖੀਆਂ*
*ਵਿੱਚ ਸੁਰਮੇ ਦੀ ਧਾਰੀ।*

ਸੁਰਮਾ ਅੱਖਾਂ ਦੀ ਸੁੰਦਰਤਾ ਨੂੰ ਵਧਾਉਣ ਦੇ ਉਦੇਸ਼ ਨਾਲ ਵਰਤਿਆ ਜਾਂਦਾ ਹੈ, ਪਰ ਕਿਸੇ ਦੀਆਂ ਅੱਖਾਂ ਦੇ ਪਹਿਲਾਂ ਹੀ ਸੁੰਦਰ ਅਤੇ ਆਕਰਸ਼ਿਤ ਹੋਣ ਕਾਰਨ ਸੁਰਮਾ ਪਾਉਣ ਦੀ ਜ਼ਰੂਰਤ ਨਾ ਹੋਣ ਸਬੰਧੀ ਵੀ ਸਲਾਹ ਲੋਕ ਗੀਤਾਂ ਵਿੱਚ ਕੁਝ ਇਸ ਤਰ੍ਹਾਂ ਦਿੱਤੀ ਮਿਲਦੀ ਹੈ-

*ਤੇਰੀ ਅੱਖ ਨੀਂ ਕਬੂਤਰ ਵਰਗੀ*
*ਲੋੜ ਕੀ ਤੈਨੂੰ ਸੁਰਮੇ ਦੀ।*

ਵਾਰਿਸ ਸ਼ਾਹ ਹੀਰ ਅਤੇ ਰਾਂਝੇ ਦੇ ਪਾਏ ਸੁਰਮੇ ਕਾਰਨ ਉਘੜਦੇ ਪੱਖਾਂ ਦਾ ਜ਼ਿਕਰ ਕੁਝ ਏਦਾਂ ਕਰਦਾ ਹੈ-

*ਸੁਰਮਾ ਨੈਣਾਂ ਦੀ ਧਾਰ ਵਿੱਚ ਫੱਬ ਰਿਹਾ*
*ਚੜ੍ਹਿਆ ਹਿੰਦ ਤੇ ਕੱਟਕ ਪੰਜਾਬ ਦਾ ਜੀ।*
*ਕੱਛੇ ਵੰਝਲੀ ਕੰਨਾਂ ਦੇ ਵਿੱਚ ਵਾਲ਼ੇ*
*ਜ਼ੁਲਫ ਮੁੱਖੜੇ ਅਤੇ ਪ੍ਰੇਸ਼ਾਨ ਹੋਈ।*
*ਭਿੰਨੇ ਵਾਲ਼ ਚੁਣੇ ਮੱਥੇ ਚੰਦ ਰਾਂਝਾ*
*ਨੈਣੀਂ ਕੱਜਲੇ ਦੀ ਘਮਸਾਨ ਹੋਈ।*

ਇਸੇ ਤਰ੍ਹਾਂ ਸੁਰਮੇ ਦੀ ਥਾਂ ਅੱਖਾਂ ਲਈ ਲੋ ਵਧੇਰੇ ਸਿਹਤਮੰਦ ਮੰਨੀ ਜਾਂਦੀ ਹੈ। ਇਸ ਕਾਰਨ ਸੁੰਦਰ ਤੇ ਸਿਹਤਮੰਦ ਅੱਖ ਦੀ ਤੁਲਨਾ ਲੋ ਨਾਲ ਕਰਦਿਆਂ ਸੁਰਮਾ ਪਾਉਣ ਦੀ ਲੋੜ ਨਾ ਹੋਣ ਬਾਰੇ ਕਿਹਾ ਕੁਝ ਇਸ ਤਰ੍ਹਾਂ ਮਿਲਦਾ ਹੈ-

*ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ*
*ਗਾਉਣ ਵਾਲੇ ਦਾ ਗਾਉਣਾ*
*ਨੀਂ ਅੱਖ ਤੇਰੀ ਲੋ ਵਰਗੀ*
*ਕੀ ਸੁਰਮੇ ਦਾ ਪਾਉਣਾ*
*ਨੀਂ ਅੱਖ ਤੇਰੀ ਲੋ ਵਰਗੀ।*

ਇਸ ਤਰ੍ਹਾਂ ਸੁਰਮਾ ਵੱਖ ਵੱਖ ਸੱਭਿਆਚਾਰਾਂ ਦੇ ਨਾਲ ਪੰਜਾਬੀ ਸੱਭਿਆਚਾਰ ਵਿੱਚ ਵੀ ਮਹੱਤਵ ਰੱਖਦਾ ਹੈ। ਅਜਿਹਾ ਹੋਣ ਦਾ ਸਬੂਤ ਲੋਕ ਗੀਤਾਂ, ਬੋਲੀਆਂ, ਬੁਝਾਰਤਾਂ ਵਿੱਚ ਸੁਰਮੇ ਦਾ ਜ਼ਿਕਰ ਹੈ। ਪੰਜਾਬੀਆਂ ਵੱਲੋਂ ਵੱਖ ਵੱਖ ਰਸਮਾਂ ਸਮੇਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਸਿਹਤਮੰਦ ਅੱਖਾਂ ਲਈ ਉਪਯੋਗੀ ਹੋਣ ਦੇ ਨਾਲ ਇਹ ਵੱਖ ਵੱਖ ਪੱਖਾਂ ਨੂੰ ਉਜਾਗਰ ਕਰਨ ਦਾ ਕੰਮ ਕਰਦਾ ਹੈ। ਕੁਝ ਲੋਕਾਂ ਲਈ ਇਹ ਸਿੱਧੇ ਅਸਿੱਧੇ ਤਰੀਕੇ ਨਾਲ ਰੁਜ਼ਗਾਰ ਦਾ ਸਾਧਨ ਵੀ ਸਾਬਤ ਹੁੰਦਾ ਹੈ।



# ਅਦਾਲਤੀ ਹੁਕਮਾਂ ਤੋਂ ਬਾਅਦ ਪੰਜਾਬ ਵਿੱਚ 150 ਕਰੈਸ਼ਰ ਬੰਦ ਹੋਣਗੇ

ਗੁਰਦਾਸਪੁਰ, 30 ਅਗਸਤ (ਪੋਸਟ ਬਿਊਰੋ)- ਗੁਰਦਾਸਪੁਰ ਅਤੇ ਪਠਾਨਕੋਟ ਦੇ ਆਸ-ਪਾਸ ਸਰਹੱਦੀ ਖੇਤਰ ਉੱਤੇ ਮਾਈਨਿੰਗ ਪੂਰੀ ਤਰ੍ਹਾਂ ਬੰਦ ਕਰਨ ਦੇ ਅਦਾਲਤੀ ਹੁਕਮਾਂ ਕਾਰਨ ਪਠਾਨਕੋਟ ਦੀ ਕਰੈਸ਼ਰ ਇੰਡਸਟਰੀ ਮੂਧੇ ਮੂੰਹ ਡਿਗਦੀ ਦਿਖਾਈ ਦੇਂਦੀ ਹੈ। ਪਠਾਨਕੋਟ ਪੰਜਾਬ ਦੀ ਕਰੈਸ਼ਰ ਇੰਡਸਟਰੀ ਦਾ ਗੜ੍ਹ ਹੈ ਤੇ ਪੰਜਾਬ ਨੂੰ 50 ਫ਼ੀਸਦੀ ਤੋਂ ਵੱਧ ਰੇਤਾ-ਬੱਜਰੀ ਇੱਥੋਂ ਮਿਲਦੀ ਹੈ। ਇਨ੍ਹਾਂ ਕਰੈਸ਼ਰਾਂ ਨਾਲ ਸਬੰਧਤ ਪੋਕਲੈਂਡ, ਜੇ ਸੀ ਬੀ ਮਸ਼ੀਨਾਂ, ਟਿੱਪਰ ਆਦਿ ਚਲਾਉਣ ਵਾਲੇ ਚਾਲਕਾਂ ਤੇ ਉਨ੍ਹਾਂ ਦੇ ਮਾਲਕਾਂ ਨੂੰ ਵੀ ਆਰਥਿਕ ਪੱਖੋਂ ਵੱਡਾ ਨੁਕਸਾਨ ਹੋਣ ਦੀ ਸੰਭਾਵਨਾ ਹੈ।

ਵੱਡੀ ਸਮੱਸਿਆ ਉਨ੍ਹਾਂ ਕਰੈਸ਼ਰ ਮਾਲਕਾਂ ਦੀ ਹੈ, ਜਿਨ੍ਹਾਂ ਨੇ ਮਾਰਚ 2023 ਤਕ ਦਾ ਸਮਝੌਤਾ ਕੀਤਾ ਹੋਇਆ ਅਤੇ ਬਣਦੀ ਰਕਮ ਵੀ ਭਰੀ ਹੈ। ਜੇ ਮਾਈਨਿੰਗ ਪੂਰੀ ਬੰਦ ਹੁੰਦੀ ਹੈ ਤਾਂ ਜਿਹੜੇ ਕਰੈਸ਼ਰ ਚਾਲਕਾਂ ਨੇ ਕਰਜ਼ਿਆਂ ਉੱਤੇ ਮਸ਼ੀਨਾਂ ਲੈ ਕੇ ਕੰਮ ਸ਼ੁਰੂ ਕੀਤਾ ਸੀ, ਉਨ੍ਹਾਂ ਨੂੰ ਆਰਥਿਕ ਨੁਕਸਾਨ ਹੋਣ ਦਾ ਡਰ ਹੈ। ਸਮਝੌਤੇ ਦੇ ਅਨੁਸਾਰ ਸਰਕਾਰ ਨੂੰ ਕਰੈਸ਼ਰ ਚਾਲਕਾਂ ਦਾ ਪੈਸਾ ਵਾਪਸ ਕਰਨਾ ਪੈ ਸਕਦਾ ਹੈ।ਕਰੈਸ਼ਰ ਚਾਲਕਾਂ ਨੇ ਠੇਕੇ ਦੇ ਜੋ ਪੈਸੇ ਅਦਾ ਕੀਤੇ ਸਨ, ਉਹ

*** 20 ਹਜ਼ਾਰ ਕਾਮੇ ਵਿਹਲੇ ਹੋਣ ਦਾ ਡਰ ਪਿਆ**

ਬਹੁਤਿਆਂ ਦੇ ਵਿਆਜ ਉੱਤੇ ਹੋਣ ਕਾਰਨ ਵਾਪਸ ਮਿਲਣ ਵਾਲੀ ਰਕਮ ਕਰਜ਼ੇਉਤਾਰਨ ਵਿੱਚ ਕਾਫ਼ੀ ਨਹੀਂ। ਇਨ੍ਹਾਂ ਕਰੈਸ਼ਰ ਚਾਲਕਾਂ ਤੋਂ ਸਰਕਾਰ ਨੂੰ ਸਰਕਾਰੀ ਤੌਰ ਉੱਤੇ 100 ਕਰੋੜ ਦਾ ਮਾਲੀਆ ਹਰ ਸਾਲ ਪੁੱਜਦਾ ਸੀ।ਇਸ ਤੋਂ ਇਲਾਵਾ ਹਰ ਸਾਲ 10 ਹਜ਼ਾਰ ਸਾਲਾਨਾ ਫ਼ੀਸ ਦਿੱਤੀ ਜਾਂਦੀ ਸੀ, ਪ੍ਰਤੀ ਮਹੀਨਾ 20 ਹਜ਼ਾਰ ਦੇ ਕਰੀਬ ਜੀ ਐਸ ਟੀ ਵਜੋਂ ਸਰਕਾਰ ਨੂੰ ਜਾਂਦਾ ਸੀ।

ਕਰੈਸ਼ਰ ਚਾਲਕਾਂ ਮੁਤਾਬਕ ਇਸ ਇੰਡਸਟਰੀ ਦੇ ਬੰਦ ਹੋਣ ਨਾਲ ਡਰਾਈਵਰਾਂ, ਮਜ਼ਦੂਰਾਂ ਦੇ ਪਰਵਾਰਾਂ ਤੋਂ ਬਿਨਾ ਟਰੱਕਾਂ ਅਤੇ ਮਸ਼ੀਨਾਂ ਦੀ ਮੁਰੰਮਤ ਕਰਨ ਵਾਲੇ ਦੁਕਾਨਦਾਰਾਂ ਦਾ ਕੰਮ ਵੀ ਠੱਪ ਹੋਵੇਗਾ। ਇਸ ਤੋਂ ਇਲਾਵਾ ਪੰਜਾਬ ਅੰਦਰ ਜੋ ਰੇਤਾ ਇਸ ਸਮੇਂ 5000 ਤੋਂ ਵਧੇਰੇ ਪ੍ਰਤੀ ਸੈਂਕੜਾ ਮੁੱਲ ਦੇ ਹਿਸਾਬ ਮਿਲਦਾ ਹੈ, ਅਗਲੇ ਸਮੇਂ ਵਿੱਚ ਇਹ ਮੁੱਲ ਹੋਰ ਵੱਧ ਸਕਦਾ ਹੈ। ਇਸ ਤੋਂ ਪਹਿਲਾਂ ਰੇਤਾ 2000 ਰੁਪਏ ਸੈਂਕੜਾ ਅਤੇ ਬੱਜਰੀ 1700 ਰੁਪਏ ਸੈਂਕੜਾ ਦੇ ਹਿਸਾਬ ਮਿਲ ਜਾਂਦੇ ਸਨ। ਕਰੈਸ਼ਰ ਇੰਡਸਟਰੀ ਬੰਦ ਹੋਣ ਨਾਲ ਲੋਕਾਂ ਨੂੰ ਮਜਬੂਰੀ ਵੱਸ ਜੰਮੂ ਤੇ ਹਿਮਾਚਲ ਤੋਂ ਮਹਿੰਗੇ ਭਾਅ ਦਾ ਰੇਤਾ ਮੰਗਵਾਉਣਾ ਪੈ ਰਿਹਾ ਹੈ। ਇਹ ਇੰਡਸਟਰੀ ਬੰਦ ਹੋਣ ਦਾ ਖ਼ਮਿਆਜ਼ਾ ਰਾਜ ਮਿਸਤਰੀ ਤੇ ਮਜ਼ਦੂਰ ਵੀ ਭੁਗਤ ਰਹੇ ਹਨ।

ਦੂਜੇ ਪਾਸੇ ਸਰਹੱਦੀ ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਮਾਈਨਿੰਗ ਕਰਨ ਵਾਲਿਆਂ ਵੱਲੋਂ ਨਿਯਮ ਛਿੱਕੇ ਟੰਗ ਕੇ ਸਮੇਂ-ਸਮੇਂ ਉੱਤੇ ਮਾਈਨਿੰਗ ਕਰਦੇ ਜਾਣ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ, ਕਿਉਂਕਿ ਗੁਰਦਾਸਪੁਰ ਅਤੇ ਪਠਾਨਕੋਟ ਦੀਆਂ ਬਰਿਆਲ, ਹਰਚੰਦਾ, ਚੱਕ ਰਾਮ ਸਹਾਏ, ਗੱਜੂ ਜਗੀਰ, ਅਦਾਲਤਗੜ੍ਹ, ਸਮਰਾਲਾ ਅਤੇ ਮੁੱਦੀ ਖੱਡਾਂ ਤੋਂ ਇਲਾਵਾ ਲੱਗਭਗ ਸਾਰੀਆਂ ਖੱਡਾਂ ਉੱਤੇ ਨਾਜਾਇਜ਼ ਮਾਈਨਿੰਗ ਹੁੰਦੀ ਸੀ। ਇਨ੍ਹਾਂ ਖੱਡਾਂ ਵਿੱਚੋਂ ਵੀ ਕੁਝ ਖੱਡਾਂ ਪਿਛਲੇ ਕੁਝ ਸਾਲਾਂ ਤੋਂ ਬਣਦੀ ਫ਼ੀਸ ਨਾ ਭਰਨ ਕਾਰਨ ਨਾਜਾਇਜ਼ ਮੰਨੀਆਂ ਜਾ ਰਹੀਆਂ ਹਨ। ਇਸ ਕਾਰਨ ਰਾਵੀ ਦਰਿਆ ਵਿੱਚ ਕਈ-ਕਈ ਫੁੱਟ ਡੂੰਘੇ ਖੱਡੇ ਪਾ ਦਿੱਤੇ ਗਏ। ਨੈਸ਼ਨਲ ਗਰੀਨ ਟ੍ਰਿਬਿਊਨਲ ਦੀ ਰਿਪੋਰਟ ਅਨੁਸਾਰ ਪੰਜ ਫੁੱਟ ਤੋਂ ਵੱਧ ਮਾਈਨਿੰਗ ਕਰਨੀ ਗ਼ੈਰ ਕਾਨੂੰਨੀ ਹੈ ਪਰ ਮਾਈਨਿੰਗ ਮਾਫ਼ੀਆ ਨੇ 50 ਤੋਂ 100-100 ਫੁੱਟ ਡੂੰਘੀਆਂ ਖੱਡਾਂ ਪੁੱਟ ਕੇ ਸਰਕਾਰੀ ਜਾਇਦਾਦਦਾ ਨੁਕਸਾਨ ਕੀਤਾ ਅਤੇ ਲੋਕਾਂ ਦੀਆਂ ਜਾਨਾਂ ਨੂੰ ਮੁਸ਼ਕਿਲ ਵਿੱਚ ਪਾਇਆ ਹੈ।

# ਆਟਾ ਸਕੀਮ ’ਤੇ ਹਾਈ ਕੋਰਟ ਦੀ ਟਿੱਪਣੀ: ਸਰਕਾਰ ਕੋਈ ਚੰਗਾ ਕੰਮ ਕਰਦੀ ਹੈ ਤਾਂ ਇਸ ਵਿੱਚ ਅੜਿੱਕਾ ਕਿਉਂ?

ਚੰਡੀਗੜ੍ਹ, 30 ਅਗਸਤ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਵਿੱਚ ਘਰੋ-ਘਰੀਂ ਆਟਾ ਦੇਣ ਦੀ ਸਕੀਮ ਲਈ ਸ਼ੁਰੂ ਕੀਤੇ ਅਮਲ ਵਿਰੁੱਧ ਪਟੀਸ਼ਨ ਦੀ ਸੁਣਵਾਈ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਵਿਕਾਸ ਸੂਰੀ ਨੇ ਪੰਜਾਬ ਡਿਪੂ ਹੋਲਡਰ ਐਸੋਸੀਏਸ਼ਨ ਨੂੰ ਕਿਹਾ ਕਿ ਜੇ ਸਰਕਾਰ ਕੋਈ ਚੰਗਾ ਕੰਮ ਕਰ ਰਹੀ ਹੈ ਤਾਂ ਇਸ ਦਾ ਵਿਰੋਧ ਕਿਉਂ ਕੀਤਾ ਜਾ ਰਿਹੈ, ਇਸ ਨਾਲ ਡਿੱਪੂ ਹੋਲਡਰਾਂ ਨੂੰ ਕੀ ਨੁਕਸਾਨ ਹੋਵੇਗਾ?

ਡਿਪੂ ਹੋਲਡਰ ਐਸੋਸੀਏਸ਼ਨ ਵੱਲੋਂ ਪੇਸ਼ ਹੋਏ ਵਕੀਲਾਂ ਨੇ ਕਿਹਾ ਕਿ ਇਹ ਯੋਜਨਾ ਡਿਪੂ ਹੋਲਡਰਾਂ ਰਾਹੀਂ ਲਾਗੂ ਕਰਨੀ ਚਾਹੀਦੀ ਹੈ, ਪਰ ਸਰਕਾਰ ਵੱਲੋਂ ਆਏ ਐਡਵੋਕੇਟ ਜਨਰਲ ਵਿਨੋਦ ਘਈ ਅਤੇ ਅਡੀਸ਼ਨਲ





ਐਡਵੋਕੇਟ ਜਨਰਲ ਫੈਰੀ ਸੋਫਤ ਤੋਂ ਇਲਾਵਾ ਕੋਆਪਰੇਟਿਵ ਸੋਸਾਈਟੀਜ਼ ਦੇਡਾਇਰੈਕਟੋਰੇਟ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਗੁਰਮਿੰਦਰ ਸਿੰਘ ਨੇ ਬੈਂਚ ਨੂੰ ਦੱਸਿਆ ਕਿ ਇਸ ਸਕੀਮ ਨਾਲ ਜਿੱਥੇ ਆਮ ਲੋਕਾਂ ਨੂੰ ਲਾਭ ਪੁੱਜੇਗਾ ਤੇ ਉਨ੍ਹਾਂ ਨੂੰ ਘਰ ਬੈਠਿਆਂ ਆਟਾ ਮਿਲੇਗਾ, ਉਥੇ ਉਨ੍ਹਾਂ ਕੋਲੋਂ ਡਿਪੂ ਹੋਲਡਰਾਂ ਤੋਂ ਕਣਕ ਲੈਣ ਦਾ ਬਦਲ ਵੀ ਮੌਜੂਦ ਹੈ। ਇਸ ਤੋਂ ਇਲਾਵਾ ਜੇ ਡਿੱਪੂ ਆਟੇ ਦੀ ਵੰਡ ਡਿਪੂ ਹੋਲਡਰਾਂ ਤੋਂ ਨਹੀਂ ਕੀਤੀ ਜਾਣੀ ਤਾਂ ਉਨ੍ਹਾਂ ਨੂੰ 10 ਹੋਰ ਵਾਧੂ ਵਸਤਾਂ ਦੀ ਵੰਡ ਕਰਨ ਦੀ ਸਹੂਲਤ ਦੇ ਦਿੱਤੀ ਹੈ ਤੇ ਅਜਿਹੇ ਵਿੱਚ ਡਿੱਪੂ ਹੋਲਡਰਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ।

ਇਸ ਉੱਤੇ ਬੈਂਚ ਨੇ ਡਿਪੂ ਹੋਲਡਰਾਂ ਨੂੰ ਪੁੱਛਿਆ ਕਿ ਕੀ ਉਹ ਆਟਾ ਘਰੋ-ਘਰੀਂ ਵੰਡਣ ਲਈ ਤਿਆਰ ਹਨ, ਇਸ ਬਾਰੇ ਵਕੀਲ ਮੌਕੇ ਉੱਤੇ ਕੋਈ ਜਵਾਬ ਨਾ ਦੇ ਸਕੇ। ਐਸੋਸੀਏਸ਼ਨ ਦੇ ਵਕੀਲਾਂ ਨੇ ਕੁਝ ਜੱਜਮੈਂਟਾਂ ਦਾ ਹਵਾਲਾ ਦਿੱਤਾ ਤਾਂ ਬੈਂਚ ਨੇ ਇਸ ਪਿੱਛੋਂ ਐਸੋਸੀਏਸ਼ਨ ਵੱਲੋਂ ਪਟੀਸ਼ਨ ਪੇਸ਼ ਕਰਨ ਦੇ ਹੱਕ ਉੱਤੇ ਤੱਥ ਪੇਸ਼ ਕਰਨ ਦੀ ਹਿਦਾਇਤ ਕਰਦਿਆਂ ਸੁਣਵਾਈ ਮੁਲਤਵੀ ਕਰ ਦਿੱਤੀ ਹੈ। ਬੈਂਚ ਨੇ ਪੁੱਛਿਆ ਹੈ ਕਿ ਐਸੋਸੀਏਸ਼ਨ ਦੀ ਬਣਤਰ ਕੀ ਹੈ ਤੇ ਇਸ ਦੇ ਕਿੰਨੇ ਮੈਂਬਰ ਹਨ, ਇਸ ਬਾਰੇ ਜਾਣਕਾਰੀ ਤਲਬ ਕੀਤੀ ਹੈ?"

# ਜੱਜ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਵਕੀਲ ਦੀ ਕੁਰਸੀ ਤੋਂ ਉਠਾਇਆ

ਲੁਧਿਆਣਾ, 30 ਅਗਸਤ (ਪੋਸਟ ਬਿਊਰੋ)- ਟੈਂਡਰ ਘੋਟਾਲੇ ਦੇ ਦੋਸ਼ੀ ਤੇ ਪਿਛਲੀਆਂ ਦੋ ਕਾਂਗਰਸੀ ਸਰਕਾਰਾਂ ਦੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਕੱਲ੍ਹ ਵਿਜੀਲੈਂਸ ਨੇ ਤੀਸਰੀ ਵਾਰ ਕੋਰਟ ਵਿੱਚ ਪੇਸ਼ ਕਰ ਕੇ ਦੋ ਦਿਨ ਦਾ ਰਿਮਾਂਡ ਲਿਆ ਹੈ। ਵਿਜੀਲੈਂਸ ਨੇ ਆਸ਼ੂ ਦਾ ਪੰਜ ਦਿਨਾਂਦਾ ਰਿਮਾਂਡ ਮੰਗਿਆ ਸੀ। ਡੇਢ ਘੰਟਾ ਦੋਵਾਂ ਧਿਰਾਂ ਦੇ ਵਿੱਚ ਬਹਿਸ ਪਿੱਛੋਂ ਕੋਰਟ ਨੇ ਦੋ ਦਿਨ ਦਾ ਰਿਮਾਂਡ ਮਨਜ਼ੂਰ ਕੀਤਾ। ਵਿਜੀਲੈਂਸ ਨੇ ਘੋਟਾਲੇ ਦੇ ਮੁੱਖ ਦੋਸ਼ੀ ਠੇਕੇਦਾਰ ਤੇਲੂਰਾਮ ਦਾ ਇੱਕ ਦਿਨ ਦਾ ਰਿਮਾਂਡ ਮੰਗਿਆ, ਪਰ ਕੋਰਟ ਨੇ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਇਸ ਦੌਰਾਨ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਵਿਜੀਲੈਂਸ ਜਦੋਂ ਕੋਰਟ ਵਿੱਚ ਲਿਆਈ ਤਾਂ ਕਿਸੇ ਕੇਸ ਦੀ ਸੁਣਵਾਈ ਚੱਲ ਰਹੀ ਵੇਖ ਕੇ ਆਸ਼ੂ ਦੇ ਵਕੀਲ ਕੁਰਸੀਆਂ ਉੱਤੇ ਬੈਠ ਗਏ, ਪਰ ਆਸ਼ੂ ਖੜ੍ਹੇ ਰਹੇ। ਇੰਨੇ ਨੂੰ ਇੱਕ ਵਕੀਲ ਨੇ ਆਸ਼ੂ ਲਈ ਆਪਣੀ ਕੁਰਸੀ ਛੱਡ ਦਿੱਤੀ ਅਤੇ ਉਹ ਵਕੀਲਾਂ ਨਾਲ ਕੁਰਸੀ ਉੱਤੇ ਬੈਠ ਗਿਆ। ਵਕੀਲਾਂ ਲਈ ਰਿਜ਼ਰਵ ਕੁਰਸੀ ਉੱਤੇ ਸਾਬਕਾ ਮੰਤਰੀ ਨੂੰ ਬੈਠੇ ਦੇਖ ਕੇ ਜੱਜ



ਨੇ ਅਰਦਲੀ ਤੇ ਨਾਇਬ ਕੋਰਟ ਨੂੰ ਕੋਲ ਬੁਲਾ ਕੇ ਕੁਝ ਕਿਹਾ। ਇਸ ਦੇ ਬਾਅਦ ਉਹ ਦੋਵੇਂ ਆਸ਼ੂ ਕੋਲ ਪਹੁੰਚੇ ਅਤੇ ਵਕੀਲਾਂ ਦੀ ਕੁਰਸੀ ਤੋਂ ਉਠ ਕੇ ਪਿੱਛੇ ਬੈਠਣ ਨੂੰ ਕਿਹਾ। ਆਸ਼ੂ ਚੁੱਪਚਾਪ ਉਥੋਂ ਉਠੇ ਅਤੇ ਪਿੱਛੇ ਜਾ ਕੇ ਬੈਠ ਗਏ।ਇਸ ਦੌਰਾਨ ਲੁਧਿਆਣਾ ਕੋਰਟ ਵਿੱਚ ਜੱਜ ਨੇ ਟੈਂਡਰ ਘੋਟਾਲੇ ਦੇ ਦੋਸ਼ੀ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਤੇ ਵਕੀਲਾਂ ਨੂੰ ਸੱਦ ਕੇ ਆਸ਼ੂ ਤੋਂ ਪੁੱਛਿਆ, ਤੁਹਾਨੂੰ ਚਾਰ ਦਿਨ ਹੋ ਗਏ ਕਸਟਡੀ ਵਿੱਚ। ਕੁਝ ਕਹਿਣਾ ਚਾਹੁੰਦੇ ਹੋ? ਇਸ ਉੱਤੇ ਆਸ਼ੂ ਬੋਲੇ, ਸਰ, ਚਾਰ ਨਹੀਂ, ਛੇ ਦਿਨ ਹੋ ਗਏ। ਮੈਂ ਕੁਝ ਨਹੀਂ ਕਹਿਣਾ। ਇਸ ਟੈਂਡਰ ਘੋਟਾਲੇ ਵਿੱਚ ਭੂਸ਼ਣ ਦੇ ਕਰੀਬੀ ਮੀਨੂੰ ਮਲਹੋਤਰਾ ਨੇ ਆਪਣੀ ਅਗਾਊਂ ਜ਼ਮਾਨਤ ਦੀ ਅਰਜ਼ੀ ਵਾਪਸ ਲੈ ਲਈ ਹੈ। ਉਸ ਨੇ 22 ਅਗਸਤ ਨੂੰ ਜ਼ਮਾਨਤ ਦੀ ਅਰਜ਼ੀ ਲਾਈ ਸੀ, ਪਰ ਕੱਲ੍ਹ ਵਾਪਸ ਲਈ।

# ਨੌਜਵਾਨ ਵੱਲੋਂ ਦਰਿਆ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ

ਸ੍ਰੀ ਗੋਇੰਦਵਾਲ ਸਾਹਿਬ, 30 ਅਗਸਤ (ਪੋਸਟ ਬਿਊਰੋ) - ਥਾਣਾ ਗੋਇੰਦਵਾਲ ਸਾਹਿਬ ਦੇ ਪਿੰਡ ਧੂੰਦਾ ਦੇ ਨੌਜਵਾਨ ਉਪਰ ਪੰਜ ਹਜ਼ਾਰ ਰੁਪਏ ਚੋਰੀ ਦੇ ਦੋਸ਼ ਲੱਗਣ ਤੋਂ ਦੁਖੀ ਹੋ ਕੇ ਉਸ ਨੇ ਦਰਿਆ ਬਿਆਸ ਵਿੱਚ ਛਾਲ ਮਾਰ ਦਿੱਤੀ, ਜਿਸ ਕਾਰਨ ਪੁਲਸ ਵੱਲੋਂ ਚਾਰ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਨੌਜਵਾਨ ਦੀ ਪਛਾਣ ਗੁਰਲਾਲ ਸਿੰਘ ਪੁੱਤਰ ਦਰਸ਼ਨ ਸਿੰਘ ਵਜੋਂ ਹੋਈ ਹੈ।ਪੁਲਸ ਨੂੰ ਉਸ ਦੇ ਪਿਤਾ ਨੇ ਦੱਸਿਆ ਕਿ 23 ਤਰੀਕ ਨੂੰ ਗੁਰਲਾਲ ਸਿੰਘ ਆਪਣੇ ਦੋਸਤ ਅੰਮ੍ਰਿਤਪਾਲ ਸਿੰਘ ਦੇ ਘਰ ਗਿਆ, ਜਿਸ ਮੌਕੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਨੇ ਗੁਰਲਾਲ ਸਿੰਘ ਉੱਤੇ ਪੰਜ ਹਜ਼ਾਰ ਰੁਪਏ ਚੋਰੀ ਕਰਨ ਦਾ ਦੋਸ਼ ਲਾਇਆ ਤੇ ਅਗਲੇ ਦਿਨ ਸਾਡੇ ਘਰ ਉਲਾਂਭਾ ਦੇਣ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਪਿਤਾ ਨੇ ਗੁਰਲਾਲ ਸਿੰਘ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ, ਜਿਸ ਕਾਰਨ ਗੁਰਲਾਲ ਘਰ ਨਹੀਂ ਆਇਆ। ਪਰਵਾਰ ਨੇ ਕਿਹਾ ਕਿ ਮਿਤੀ 25 ਅਗਸਤ ਸ਼ਾਮ ਗੁਰਲਾਲ ਸਿੰਘ ਨੂੰ ਅੰਮ੍ਰਿਤਪਾਲ ਸਿੰਘ, ਧਰਮਜੀਤ ਸਿੰਘ, ਵੀਰੂ ਅਤੇ ਜਸਕਰਨ ਸਿੰਘ ਨੇ ਅਗਵਾ ਕਰ ਕੇ ਮਾਰ ਦਿੱਤਾ ਤੇ ਲਾਸ਼ ਨੂੰ ਦਰਿਆ ਬਿਆਸ ਵਿੱਚ ਸੁੱਟ ਦਿੱਤਾ ਗਿਆ ਹੈ। ਇਸ ਸਬੰਧੀ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਵੱਲੋਂ ਚਾਰ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਲਾਸ਼ ਦੀ ਭਾਲ ਕੀਤੀ ਜਾ ਰਹੀ ਹੈ।

# ਡੀ ਜੀ ਪੀ ਅਤੇ ਜੇਲ੍ਹ ਮੰਤਰੀ ਨੂੰ ਗੈਂਗਸਟਰ ਗੋਲਡੀ ਬਰਾੜ ਵੱਲੋਂ ਧਮਕੀ

ਬਠਿੰਡਾ, 30 ਅਗਸਤ (ਪੋਸਟ ਬਿਊਰੋ)- ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਦੇ ਦੋਸ਼ੀ ਗੈਂਗਸਟਰ ਗੋਲਡੀ ਬਰਾੜ ਨੇ ਪੰਜਾਬ ਪੁਲਸ ਦੇ ਮੁੱਖੀ ਗੌਰਵ ਯਾਦਵ ਅਤੇ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸ਼ੋਸ਼ਲ ਮੀਡੀਆ ਰਾਹੀਂ ਧਮਕੀ ਦਿੰਦੇ ਹੋਏ ਕਿਹਾ ਹੈ ਕਿ ਬਠਿੰਡਾ ਜ਼ੇਲ੍ਹ ਵਿੱਚ ਬੰਦ ਉਸ ਦੇ ਤਿੰਨ ਸਾਥੀਆਂ ਨੂੰ ਤੰਗ ਕਰਨਾ ਬੰਦ ਨਾ ਕੀਤਾ ਤਾਂ ਉਹ ਮੂਸੇਵਾਲਾ ਕਾਂਡ ਵਰਗੀ ਵਾਰਦਾਤ ਵੀਕਰ ਸਕਦੇ ਹਨ। ਉਸ ਦੀ ਧਮਕੀ ਦਾ ਕਰਾਰਾ ਜਵਾਬ ਦਿੰਦੇ ਹੋਏ ਜ਼ੇਲ੍ਹ ਮੰਤਰੀ ਨੇ ਕਿਹਾ ਕਿ ਜੇਲ੍ਹਾਂ ਵਿੱਚ ਵੀ ਆਈ ਪੀ ਸਹੂਲਤਾਂ ਤੇ ਪੀਜ਼ਾ ਮਿਲਣ ਦੇ ਦਿਨ ਪੁੱਗ ਗਏ, ਇਹ ਸੁਧਾਰ ਘਰ ਬਣਨਗੀਆਂ। ਗੈਂਗਸਟਰ ਗੋਲਡੀ ਬਰਾੜ ਨੇ ਡੀ ਜੀ ਪੀ ਅਤੇ ਜੇਲ੍ਹ ਮੰਤਰੀ ਨੂੰ ਧਮਕੀ ਦਿੰਦਿਆਂ ਕਿਹਾ ਕਿ ਬਠਿੰਡਾ ਵਿੱਚ ਬੰਦ ਸਾਡੇ ਭਰਾ ਸਾਰਜ ਮਿੰਟੂ, ਜਗਰੌਸ਼ਨ ਹੁੰਦਲ ਅਤੇ ਬੌਬੀ ਮਲਹੋਤਰਾ ਨੂੰ ਜੇਲ੍ਹ ਮੁੱਖੀ ਤੰਗ ਕਰਦਾ ਹੈ, ਉਹ ਸਾਡੇ ਭਰਾਵਾਂ ਤੋਂ ਪੈਸੇ ਮੰਗਦਾ ਹੈ ਅਤੇ ਉਸ ਨੇ ਬਿਨ੍ਹਾਂ ਵਜ੍ਹਾ ਇੰਨ੍ਹਾਂ ਦੀ ਕੁੱਟਮਾਰ ਕੀਤੀ ਹੈ, ਜੇ ਉਨ੍ਹਾਂ ਦਾ ਕੋਈ ਨੁਕਸਾਨ ਹੋਇਆ ਤਾਂ ਇਸ ਲਈ ਜ਼ੇਲ੍ਹ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ। ਇਸ ਬਾਰੇ ਜ਼ਿਲ੍ਹਾ ਪੁਲਸ ਮੁੱਖੀ ਜੇ ਏਲਨਚੇਜ਼ੀਅਨ ਨੇ ਕਿਹਾ ਕਿ ਇਸ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਕੰਪਨੀ ਨੂੰ ਜ਼ਮੀਨ ਦੇਣ ਉਤੇ 55 ਕਰੋੜ ਮਿਲੇ,ਪਰ ਪੰਚਾਇਤ ਹੀ 29 ਕਰੋੜ ਦਾ ਘੋਟਾਲਾ ਕਰ ਗਈ

ਰਾਜਪੁਰਾ, 30 ਅਗਸਤ (ਪੋਸਟ ਬਿਊਰੋ)- ਨੇੜਲੇ ਪਿੰਡ ਨਲਾਸ ਦੀ ‘ਫੰਡ ਬਚਾਓ ਪਿੰਡ ਬਚਾਓ’ ਐਕਸ਼ਨ ਕਮੇਟੀ ਨੇ ਬੀਤੇ ਐਤਵਾਰ ਪਿੰਡ ਦੀ ਪੰਚਾਇਤ ਉੱਤੇ 29 ਕਰੋੜ ਦੇ ਘਪਲੇ ਦਾ ਦੋਸ਼ ਲਾਇਆ ਹੈ। ਐਕਸ਼ਨ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ 2013 ਵਿੱਚ ਇਸ ਪਿੰਡ ਦੀ 149 ਏਕੜ ਪੰਚਾਇਤੀ ਜ਼ਮੀਨ ਪੰਜਾਬ ਸਰਕਾਰ ਨੇ ਪ੍ਰਾਈਵੇਟ ਕੰਪਨੀ ਲਾਰਸਨ ਐਂਡ ਟੁਰਬੋ ਅਤੇ ਉਸ ਦੀ ਸਹਿਯੋਗੀ ਨਾਭਾ ਥਰਮਲ ਪਾਵਰ ਲਿਮਟਿਡ ਕੰਪਨੀ ਨੂੰ ਦਿੱਤੀ ਸੀ। ਇਸ ਦੇ ਬਾਅਦ ਇੱਥੇ ਥਰਮਲ ਪਲਾਂਟ ਲਾਇਆ ਗਿਆ। ਓਦੋਂ ਪੰਜਾਬ ਸਰਕਾਰ ਤੋਂ ਪੰਚਾਇਤ ਨੂੰ ਜ਼ਮੀਨ ਦੇ ਬਦਲੇ ਅਤੇ ਪਿੰਡ ਦੇ ਵਿਕਾਸ ਲਈ ਮੁਆਵਜ਼ੇ ਵਜੋਂ 55 ਕਰੋੜ 13 ਲੱਖ 20 ਹਜ਼ਾਰ 500 ਰੁਪਏ ਮਿਲੇ ਸਨ। ਓਦੋਂ (2013 ਵਿੱਚ) ਸਾਬਕਾ ਸਰਪੰਚ ਸਵਰਗੀ ਜਸਵੀਰ ਸਿੰਘ ਨੇ ਪੰਚਾਇਤ ਬੁਲਾ ਕੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਇਸ ਰਾਸ਼ੀ ਦੇ ਵਿਆਜ ਨਾਲ ਪਿੰਡ ਦੇ ਵਿਕਾਸ ਕਾਰਜ ਕੀਤੇ ਜਾਣਗੇ ਅਤੇ ਮੂਲ ਰਾਸ਼ੀ ਬੈਂਕ ਵਿੱਚ ਸੁਰੱਖਿਅਤ ਰੱਖੀ ਜਾਏਗੀ। ਵਿਆਜ ਦਾ ਜੋ ਪੈਸਾ ਹੋਵੇਗਾ, ਉਸ ਨਾਲ ਵਿਕਾਸ ਕਰਾਇਆ ਜਾਏਗਾ।ਬੀ ਡੀ ਪੀ ਓ ਅਮਨਦੀਪ ਕੌਰ ਦਾ ਕਹਿਣਾ ਹੈ ਕਿ ਵਿਜੀਲੈਂਸ ਨੇ ਸਾਡੇ ਤੋਂ ਪਿੰਡ ਦੇ ਵਿਕਾਸ ਉੱਤੇ ਹੋਏ ਖਰਚੇ ਦੀ ਰਿਪੋਰਟ ਮੰਗੀ ਹੈ, ਜੋ ਅਸੀਂ ਦੋ ਦਿਨਾਂ ਵਿੱਚ ਭੇਜ ਦੇਵਾਂਗੇ। ਜਾਂਚ ਵਿੱਚ ਜੇ ਵੀ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।





# ਨਾਨਕਸਰ ਬਰੈਂਪਟਨ ਵਲੋਂ ਬਾਬਾ ਨੰਦ ਸਿੰਘ ਜੀ ਦੀ ਬਰਸੀ ਸ਼ਰਧਾ ਨਾਲ ਮਨਾਈ









ਬਰੈਂਪਟਨ ਅਗਸਤ 29, 2020 (ਸੁਰਜੀਤ ਸਿੰਘ ਫਲੋਰਾ) ਧੰਨ ਧੰਨ ਬਾਬਾ ਨੰਦ ਸਿੰਘ ਕਲੇਰਾਂ ਵਾਲਿਆਂ ਦੀ ਸਲਾਨਾਂ ਬਰਸੀ ਬਹੁਤ ਹੀ ਸ਼ਰਧਾਂ, ਪਿਆਰ ਅਤੇ ਸਤਿਕਾਰ ਨਾਲ ਬਰੈਂਪਟਨ ਦੇ ਗੁਰਦੁਆਰੇ ਨਾਨਕਸਰ ਟਿੰਮਬਰਲੇਨ ਤੇ ਸਥਿਤ ਵਿਖੇ ਮਨਾਈ ਗਈ। ਜੋ ਬਾਬਾ ਗੁਰਦੇਵ ਸਿੰਘ ਜੀ ਦਾ ਸਥਾਨ ਹੈ।

ਜਿਥੇ ਤਿੰਨ ਦਿਨਾਂ ਤੋ ਸੰਪਟ ਪਾਠਾਂ ਦੇ ਭੋਗ ਉਪਰੰਤ ਜਿਥੇ ਰਾਗੀ ਸਿੰਘਾਂ ਵਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ ਉਥੇ ਬਾਬਾ ਜੀ ਦੇ ਜੀਵਨ ਤੇ ਭਾਈ ਸੇਵਾ ਸਿੰਘ ਹੋਰਾ ਵਲੋਂ ਚਾਨਣਾ ਪਾਇਆ ਗਿਆ ਤੇ ਇਸ ਦੇ ਨਾਲ ਹੀ ਗੁਰਦੁਆਰੇ ਦੇ ਰਾਗੀ ਸਿੰਘ ਵਲੋਂ ਤੇ ਕਥਾਵਾਚਕਾਂ ਵਲੋਂ ਵੀ ਕੀਤਰਨ ਅਤੇ ਕਥਾ ਨਾਲ ਬਾਬਾ ਜੀ ਦੇ ਜੀਵਨ ਵਾਰੇ ਅਤੇ ਉਸ ਤੋਂ ਉਹਨਾਂ ਤੋਂ ਪ੍ਰਾਪਤੀਆਂ ਵਾਰੇ ਵਚਨ ਸਾਂਝੇ ਕੀਤੇ।

ਬਾਬਾ ਜੀ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ , ਬਾਬਾ ਨੰਦ ਸਿੰਘ ਜੀ ਦਾ ਅਤੇ ਨਾਨਕਸਰ ਗੁਰੂਘਰ ਦਾ ਇਤਿਹਾਸ ਕੋਈ ਅੱਜ ਤੋਂ 100 ਸਾਲ ਪੁਰਣਾ ਹੈ। ਗੁਰਦੁਆਰਾ ਸ੍ਰੀ ਨਾਨਕਸਰ ਕਲੇਰਾਂ ਜਗਰਾਉ ਤੋਂ ਫਿਰੋਜ਼ਪੁਰ ਨੂੰ ਜਾਂਦੀ ਸੜਕ ਉਪਰ ਪੈਂਦੇ ਕਸਬੇ ਜਗਰਾਉ ਤੋਂ ਕੋਈ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਜਿਸ ਨੂੰ ਸਿੱਖ ਜਗਤ ਦੇ ਮਹਾਨ ਅਤੇ ਪੂਰਨ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਦੀ ਛੂਹ ਪ੍ਰਾਪਤ ਹੈ। ਬਾਬਾ ਜੀ ਨਾਮ ਸਿਮਰਨ ਦੀ ਪ੍ਰਤਖ ਸਾਬਿਤ ਸੂਰਤ ਮੂਰਤ ਸਨ। ਆਪ ਜੀ ਨੇ ਲੱਖਾ ਹੀ ਪ੍ਰਾਣੀਆਂ ਨੂੰ ਪ੍ਰੇਰਣਾ ਦੇ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ । ਸਨ 1943 ਵਿਚ ਬਾਬਾ ਜੀ ਦੇ ਚੋਲਾ ਬਦਲਣ ਉਪਰੰਤ ਬਾਬਾ ਈਸ਼ਰ ਸਿੰਘ ਜੀ ਨੇ 1963 ਇਸ ਸਥਾਨ ਦੀਆਂ ਰੂਹਾਨੀ ਪ੍ਰਮਪ੍ਰਾਵਾਂ ਨੂੰ ਅੱਗੇ ਤੋਰਿਆਂ।

ਅੱਜ ਉਹਨਾਂ ਤੋਂ ਹੀ ਵਰਸਾਏ ਹੋਏ ਬਾਬਾ ਗੁਰਦੇਵ ਸਿੰਘ ਜੀ ਦੇ ਸਥਾਨ ਬਰੈਂਪਟਨ ਨਾਨਕਸਰ ਗੁਰੂਘਰ ਵਿਖੇ ਬਾਬਾ ਜੀ ਦੀ ਸਲਾਨਾਂ ਬਰਸੀ ਤੇ ਸੰਗਤਾਂ ਵਲੋਂ ਗੁਰੂਘਰ ਪਹੁੰਚ ਕੇ ਉਹਨਾਂ ਨੂੰ ਯਾਦ ਕੀਤਾ ਗਿਆ। ਉਹਨਾਂ ਦੇ ਵਚਨਾਂ ਨੂੰ ਤਾਜ਼ਾ ਕੀਤਾ। ਉਹਨਾਂ ਦੇ ਵਚਨਾਂ ਤੇ ਚੱਲਣ ਤੇ ਧੁਰ ਕੀ ਬਾਣੀ ਨਾਲ ਜੁੜਨ ਦਾ ਪ੍ਰਣ ਕੀਤਾ। ਆਖਿਰ ਗੁਰੂ ਘਰ ਦੇ ਪ੍ਰਬੰਦਕਾਂ ਵਲੋਂ ਸਭ ਆਇਆਂ ਸੰਗਤ ਦਾ ਧੰਨਵਾਦ ਕੀਤਾ ਗਿਆ।

# ਭ੍ਰਿਸ਼ਟ ਅਫਸਰਾਂ ਨੂੰ ਬਚਾਅ ਰਹੇ ਨੇ ਸਰਕਾਰੀ ਵਿਭਾਗ: ਸੀ ਵੀ ਸੀ

* 55 ਭ੍ਰਿਸ਼ਟ ਅਫਸਰਾਂ ਨੂੰ ਸਜ਼ਾ ਦੇਣ ਦੀ ਸਲਾਹ ਦਾ ਪਾਲਣ ਨਹੀਂ ਕੀਤਾ

ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ)- ਕੇਂਦਰੀ ਚੌਕਸੀ ਕਮਿਸ਼ਨ (ਸੀ ਵੀ ਸੀ) ਨੇ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਸਰਕਾਰੀ ਵਿਭਾਗਾਂ ਦੇ ਵਿਹਾਰ ਉੱਤੇ ਨਾਰਾਜ਼ਗੀ ਪ੍ਰਗਟਾਈਅਤੇ ਕਿਹਾ ਹੈ ਕਿ ਸਰਕਾਰੀ ਵਿਭਾਗਾਂ ਨੇ 55 ਮਾਮਲਿਆਂ ਵਿੱਚ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਅਫਸਰਾਂ ਨੂੰ ਸਜ਼ਾ ਦੇਣ ਦੀ ਸਿਫਾਰਸ਼ ਨੂੰ ਨਹੀਂ ਮੰਨਿਆ। ਰੇਲ ਮੰਤਰਾਲੇ ਦੇ 11 ਅਜਿਹੇ ਕੇਸ ਹਨ, ਜਿਨ੍ਹਾਂ ਵਿੱਚ ਸਿਫਾਰਸ਼ਾਂ ਨਹੀਂ ਮੰਨੀਆਂ ਗਈਆਂ।

ਸੀ ਵੀ ਸੀ ਦੀ ਸਾਲਾਨਾ ਰਿਪੋਰਟ 2021 ਦੇ ਮੁਤਾਬਕ ਭਾਰਤੀ ਲਘੂ ਉਦਯੋਗ ਵਿਕਾਸ ਬੈਂਕ (ਸਿਡਬੀ), ਬੈਂਕ ਆਫ ਇੰਡੀਆ ਅਤੇ ਦਿੱਲੀ ਜਲ ਬੋਰਡ ਵਿੱਚ ਅਜਿਹੇ ਚਾਰ-ਚਾਰ ਕੇਸ ਹਨ ਅਤੇ ਮਹਾਨਦੀ ਕੋਲਫੀਲਡਸ ਲਿਮਿਟਡ ਨੇ ਤਿੰਨ ਕੇਸਾਂ ਵਿੱਚ ਆਪਣੇ ਮੁਲਾਜ਼ਮਾਂ ਖਿਲਾਫ ਕਾਰਵਾਈ ਨਹੀਂ ਕੀਤੀ। ਸੀ ਵੀ ਸੀ ਅਨੁਸਾਰ ਬੇਨਿਯਮੀਆਂ ਤੇ ਖ਼ਾਮੀਆਂ ਦੇ ਗੰਭੀਰ ਕੇਸ ਮਿਲੇ ਹਨ। ਕੁਝ ਕੇਸਾਂ ਵਿੱਚ ਅਸਹਿਮਤੀ ਦੇ ਮੁੱਦਿਆਂ ਉੱਤੇ ਸੀ ਵੀ ਸੀ ਜਾਂ ਅਮਲਾ ਵਿਭਾਗ ਦੇ ਨਾਲ ਸਲਾਹ ਨਹੀਂ ਕੀਤੀ ਗਈ। ਕੁਝ ਕੇਸਾਂ ਵਿੱਚ ਨਿਯਮਾਂ ਦੀ ਜਾਣਕਾਰੀ ਨਾ ਹੋਣ ਜਾਂ ਅਣਦੇਖੀ ਕਾਰਨ ਅਨੁਸ਼ਾਸਨੀ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ। ਕਮਿਸ਼ਨ ਨੇ ਪਾਇਆ ਕਿ 2021 ਵਿੱਚ ਉਸ ਦੀਆਂ ਕੁਝ ਖਾਸ ਸਿਫਾਰਸ਼ਾਂ ਨੂੰ ਨਹੀਂ ਮੰਨਿਆ ਗਿਆ।

ਭ੍ਰਿਸ਼ਟਾਚਾਰ ਦੇ ਕੇਸਾਂ ਦੀ ਨਿਗਰਾਨੀ ਕਰਨ ਵਾਲੀ ਇਸ ਸੰਸਥਾ ਨੇ ਕਿਹਾ ਕਿ ਇੰਡੀਅਨ ਓਵਰਸੀਜ਼ ਬੈਂਕ, ਬੈਂਕ ਆਫ ਮਹਾਰਾਸ਼ਟਰਾ, ਮਦਰਾਸ ਫਰਟੀਲਾਈਜ਼ਰ ਲਿਮਟਿਡ, ਇਗਨੂ ਅਤੇ ਉਤਰੀ ਦਿੱਲੀ ਨਗਰ ਨਿਗਮ ਨੇ ਦੋ-ਦੋ ਕੇਸਾਂ ਵਿੱਚ ਕਾਰਵਾਈ ਦੀ ਸਿਫਾਰਸ਼ ਨਹੀਂ ਮੰਨੀ। ਉਤਰੀ ਦਿੱਲੀ ਨਗਰ ਨਿਗਮ ਅੱਜਕੱਲ੍ਹ ਦਿੱਲੀ ਨਗਰ ਨਿਗਮ ਦਾ ਹਿੱਸਾ ਹੈ। ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਨਹੀਂ ਮੰਨਣਾ ਜਾਂ ਕਮਿਸ਼ਨ ਨਾਲ ਸਲਾਹ ਨਾ ਕਰਨਾ ਇਸ ਪ੍ਰਕਿਰਿਆ ਦਾ ਨੁਕਸਾਨ ਕਰਦਾ ਹੈ। ਇਸ ਤੋਂ ਚੌਕਸੀ ਵਿਭਾਗ ਦੀ ਨਿਰਪੱਖਤਾ ਕਮਜ਼ੋਰ ਹੁੰਦੀ ਹੈ।

# ਸੁਪਰੀਮ ਕੋਰਟ ਵੱਲੋਂ ਰਾਫ਼ੇਲ ਕੇਸ ਦੀ ਨਵੀਂ ਜਾਂਚ ਦੀ ਮੰਗ ਰੱਦ



ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਫਰਾਂਸੀਸੀ ਏਜੰਸੀ ਦੀ ਰਿਪੋਰਟ ਉੱਤੇ ਰਾਫ਼ੇਲ ਸੌਦੇ ਦੀ ਨਵੇਂ ਸਿਰੇ ਤੋਂ ਜਾਂਚ ਦੀ ਮੰਗ ਵਾਲੀ ਜਨਹਿਤ ਪਟੀਸ਼ਨ ਉੱਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ।

ਰਾਫ਼ੇਲ ਦੀ ਖ਼ਰੀਦ ਵਿੱਚ ਭ੍ਰਿਸ਼ਟਾਚਾਰ ਬਾਰੇ ਫ਼ਰਾਂਸੀਸੀ ਪੋਰਟਲ ਦੇ ਦਾਅਵੇ ਬਾਰੇ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਅਦਾਲਤ ਦੀ ਨਿਗਰਾਨੀ ਵਿੱਚ ਸੁਤੰਤਰ ਜਾਂਚ ਦੇ ਆਦੇਸ਼ ਦੀ ਮੰਗ ਕੀਤੀ ਗਈ ਸੀ।ਚੀਫ਼ ਜਸਟਿਸ ਯੂ਼ਯੂ ਲਲਿਤ ਅਤੇ ਜਸਟਿਸ ਐਸ ਰਵਿੰਦਰ ਭੱਟ ਦੇ ਬੈਂਚ ਨੇ ਐਡਵੋਕੇਟ ਐਮ ਐਲ ਸ਼ਰਮਾ ਵੱਲੋਂ ਦਾਇਰ ਪਟੀਸ਼ਨ ਉੱਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਨੇ ਇਸ ਲਈ ਪਟੀਸ਼ਨ ਨੂੰ ਰੱਦ ਕਰ ਦਿੱਤਾ ਕਿ ਪਟੀਸ਼ਨਰ ਨੇ ਸੁਪਰੀਮ ਕੋਰਟ ਦੇ ਦਖ਼ਲ ਲਈ ਕੋਈ ਕੇਸ ਨਹੀਂ ਬਣਾਇਆ ਗਿਆ। ਸੁਪਰੀਮ ਕੋਰਟ ਵੱਲੋਂ ਹੁਕਮ ਦਿੱਤੇ ਜਾਣ ਪਿੱਛੋਂ ਐਡਵੋਕੇਟ ਐਮ ਐਲ ਸ਼ਰਮਾ ਨੇ ਇੱਕ ਹੋਰ ਬੇਨਤੀ ਰਾਹੀਂ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਮੰਗੀ। ਇਸ ਦੇ ਨਾਲ ਸੁਪਰੀਮ ਕੋਰਟ ਨੇ ਇਸ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਆਦੇਸ਼ ਵਿੱਚ ਸੋਧ ਕਰਦਿਆਂ ਪਟੀਸ਼ਨ ਨੂੰ ਰੱਦ ਕਰ ਦਿੱਤਾ।ਬੈਂਚ ਨੇ ਵਕੀਲ ਐਮ ਐਲ ਸ਼ਰਮਾ ਨੂੰ ਕਿਹਾ ਕਿ ਅਦਾਲਤ ਪਟੀਸ਼ਨ ਉੱਤੇ ਵਿਚਾਰ ਕਰਨ ਲਈ ਤਿਆਰ ਨਹੀਂ ਹੈ।

# ਇਮਰਾਨ ਦੇ ਬਿਆਨ ਉਤੇ ਟਿੱਪਣੀ ਕਰਨ ਵਾਲਾ ਪੱਤਰਕਾਰ ਗ੍ਰਿਫਤਾਰ

* ਸੀਨੀਅਰ ਪੱਤਰਕਾਰ ਦੀ ਗੋਲੀ ਮਾਰ ਕੇ ਹੱਤਿਆ



ਰਾਵਲਪਿੰਡੀ, 30 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਬਿਆਨ ਨੂੰ ਇਸਲਾਮ ਵਿਰੋਧੀ ਦੱਸ ਕੇ ਪੇਸ਼ ਕਰਨ ਦੇ ਦੋਸ਼ ਵਿੱਚ ਇੱਕ ਪੱਤਰਕਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਰਾਵਲਪਿੰਡੀ ਦੇ ਇੱਕ ਕੇਬਲ ਆਪਰੇਟਰ ਚੌਧਰੀ ਨਾਸਿਰ ਕਿਊਮ ਨੇ ਪੱਤਰਕਾਰ ਵੱਕਾਰ ਸੱਤੀ ਖਿਲਾਫ ਇਲਾਕੇ ਦੇ ਆਰ ਏ ਬਾਜ਼ਾਰ ਥਾਣੇ ਵਿੱਚ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ ਦਾ ਕੇਸ ਦਰਜ ਕਰਾਇਆ ਹੈ।

ਸਮਾਚਾਰ ਪੱਤਰ ਡਾਨ ਨੇ ਇਸ ਕੇਸ ਬਾਰੇ ਦੱਸਿਆ ਹੈ ਕਿ ਨਾਸਿਰ ਕਿਊਮ ਨੇ ਪੁਲਸ ਨੂੰ ਕਿਹਾ ਕਿ 24 ਅਗਸਤ ਨੂੰ ਉਸ ਨੇ ਵਕਾਰ ਸੱਤੀ ਦਾ ਇੱਕ ਟਵੀਟ ਦੇਖਿਆ। ਉਸ ਤੋਂ ਪਤਾ ਲੱਗਾ ਕਿ ਵਕਾਰ ਇਮਰਾਨ ਤੋਂ ਕਿਉਂ ਇੰਨੀ ਨਫਰਤ ਕਰਦਾ ਹੈ ਤੇ ਉਹ ਸਾਬਕਾ ਪ੍ਰਧਾਨ ਮੰਤਰੀ ਦਾ ਵਿਰੋਧੀ ਕਿਉਂ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਟਵੀਟ ਮੁਤਾਬਕ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਬਿਆਨ ਇਸਲਾਮ ਵਿਰੋਧੀ ਹੈ। ਕਿਊਮ ਨੇ ਕਿਹਾ ਕਿ ਵਕਾਰ ਸੱਤੀ ਨੇ ਆਪਣੇ ਟਵੀਟ ਵਿੱਚ ਜਿਨ੍ਹਾਂ ਗੱਲਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਇਮਰਾਨ ਨੇ ਆਪਣੇ ਭਾਸ਼ਣ ਵਿੱਚ ਨਹੀਂ ਕਹੀਆਂ। ਕਿਊਮ ਨੇ ਦੱਸਿਆ ਕਿ ਸੱਤੀ ਦੇ ਇਸ ਕਦਮ ਨਾਲ ਉਨ੍ਹਾਂ ਨੇ ਹਜ਼ਾਰਾਂ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਇਸ ਦੌਰਾਨ ਪਾਕਿਸਤਾਨ ਵਿੱਚ ਟੋਬਾ ਟੇਕ ਸਿੰਘ ਇਲਾਕੇ ਵਿੱਚ ਬੀਤੇ ਸ਼ਨੀਵਾਰ ਅਣਪਛਾਤੇ ਹਮਲਾਵਰਾਂ ਨੇ ਇੱਕ ਸੀਨੀਅਰ ਪੱਤਰਕਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੱਤਰਕ-ਾਰ ਮੁਹੰਮਦ ਯੁਨੂਸ ਮੋਟਰ ਸਾਈਕਲ ਉੱਤੇ ਮੰਗਣਵਾਲਾ ਵਿੱਚ ਆਪਣੇ ਖੇਤ ਜਾ ਰਿਹਾ ਸੀ। ਰਾਹ ਵਿੱਚ ਉਸ ਉੱਤੇ ਗੋਲੀਆਂ ਚਲਾਈਆਂ ਗਈਆਂ, ਜਿਸ ਕਰ ਕੇ ਉਸ ਦੀ ਮੌਕੇ ਉੱਤੇ ਮੌਤ ਹੋ ਗਈ। ਇਸ ਕਤਲ ਕਾਂਡ ਤੋਂ ਬਾਅਦ ਸੀਨੀਅਰ ਪੁਲਸ ਅਫਸਰਾਂ ਨੇ ਰਿਪੋਰਟ ਤਲਬ ਕਰਦੇ ਹੋਏ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ ਸਨ। ਮੀਡੀਆ ਰਿਪੋਰਟਾਂ ਅਨੁਸਾਰ ਪਾਕਿ-ਸਤਾਨ ਵਿੱਚ 1990 ਤੋਂ 2020 ਵਿਚਾਲੇ 138 ਮੀਡੀਆ ਮੁਲਾਜ਼ਮ ਡਿਊਟੀ ਦੌਰਾਨ ਜਾਨ ਗੁਆ ਚੁੱਕੇ ਹਨ। ਪਾਕਿਸਤਾਨ ਉਨ੍ਹਾਂ ਸਿਖਰਲੇ 10 ਦੇਸ਼ਾਂ ਦੀ ਸੂਚੀ ਵਿੱਚ ਹੈ, ਜਿੱਥੇ ਪੱਤਰਕਾਰਾਂ ਉੱਤੇ ਹਮਲਾ ਕਰਨ ਵਾਲਿਆਂ ਨੂੰ ਸਜ਼ਾ ਨਹੀਂ ਮਿਲ ਸਕੀ।

# ਦਿੱਲੀ ਦੇ ਲੈਫਟੀਨੈਂਟ ਗਵਰਨਰ ਉੱਤੇ ਨੋਟਬੰਦੀ ਦੌਰਾਨ 1400 ਕਰੋੜ ਦੇ ਘਪਲੇ ਦਾ ਦੋਸ਼



ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ) - ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਸਾਰੇ ਵਿਧਾਇਕ ਦਿੱਲੀ ਵਿਧਾਨ ਸਭਾ ਵਿੱਚ ਧਰਨੇ ਉੱਤੇ ਬੈਠ ਗਏ ਹਨ। ਵਿਧਾਇਕ ਲੈਫਟੀਨੈਂਟ ਗਵਰਨਰ (ਐਲ ਜੀ) ਵਿਨੇ ਕੁਮਾਰ ਸਕਸੈਨਾ ਖ਼ਿਲਾਫ਼ ਜਾਂਚ ਅਤੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਧਰਨੇ ਉੱਤੇ ਬੈਠੇ ਹਨ।

ਇਹ ਜਾਣਕਾਰੀ ਆਮ ਆਦਮੀ ਪਾਰਟੀ ਦੇ ਬੁਲਾਰੇ ਅਤੇ ਵਿਧਾਇਕ ਸੌਰਭ ਭਾਰਦਵਾਜ ਨੇ ਦਿੱਤੀ।ਇਸ ਪਾਰਟੀ ਦੇ ਵਿਧਾਇਕਾਂ ਦਾ ਦੋਸ਼ ਹੈ ਕਿ ਨੋਟਬੰਦੀ ਦੌਰਾਨ ਮੌਜੂਦਾ ਲੈਫਟੀਨੈਂਟ ਗਵਰਨਰ ਵੱਲੋਂ ਖਾਦੀ ਗ੍ਰਾਮ ਉਦਯੋਗ ਕਮਿਸ਼ਨ ਦੇ ਚੇਅਰਮੈਨ ਰਹਿੰਦਿਆਂ 1,400 ਕਰੋੜ ਰੁਪਏ ਦਾ ਘਪਲਾ ਕੀਤਾ ਗਿਆ ਸੀ। ਇਸਦੀ ਜਾਂਚ ਹੋਣੀ ਚਾਹੀਦੀ ਹੈ। ਵਿਧਾਇਕ ਸੌਰਵ ਭਾਰਦਵਾਜ ਨੇ ਕਿਹਾ ਕਿ ਤੁਸੀ ਜਾਣਦੇ ਹੋ ਕਿ ਦਿੱਲੀ ਵਿਧਾਨ ਸਭਾ ਭਰੋਸੇ ਦੇ ਵੋਟ ਉੱਤੇ ਚਰਚਾ ਕਰਦੇ ਹੋਏ ਕਈ ਵਾਰ ਮੁਲਤਵੀ ਹੋਈ। ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਮੰਗ ਹੈ ਕਿ ਖਾਦੀ ਗ੍ਰਾਮ ਉਦਯੋਗ ਕਮਿਸ਼ਨ ਵਿੱਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਹੋਵੇ। ਸੌਰਵ ਭਾਰਦਵਾਜ ਨੇ ਕਿਹਾ ਕਿ ਉਹ ਲੋਕ ਖੁਦ ਕਹਿੰਦੇ ਸਨ ਕਿ ਜੇ ਦੋਸ਼ ਲੱਗਣ ਤਾਂ ਜਾਂਚ ਹੋਣੀ ਚਾਹੀਦੀ ਹੈ, ਫਿਰ ਅਸੀਂ ਵੀ ਕਹਿ ਰਹੇ ਹਾਂ ਕਿ ਜੇ ਲੈਫਟੀਨੈਂਟ ਗਵਰਨਰ ਉੱਤੇ ਦੋਸ਼ ਹਨ ਤਾਂ ਉਨ੍ਹਾਂ ਖ਼ਿਲਾਫ਼ ਵੀ ਸੀ ਬੀ ਆਈ, ਈ ਡੀ ਦੀ ਜਾਂਚ ਹੋਣੀ ਚਾਹੀਦੀ ਹੈ।

# ਜ਼ਵਾਹਿਰੀ ਉਤੇ ਹਮਲੇ ਲਈ ਪਾਕਿਸਤਾਨੀ ਹਵਾਈ ਖੇਤਰ ਦੀ ਵਰਤੋਂ ਹੋਈ: ਤਾਲਿਬਾਨ

* ਪਾਕਿਸਤਾਨ ਨੇ ਦੋਸ਼ਾਂ ਨੂੰ ਗਲਤ ਦੱਸਿਆ



ਇਸਲਾਮਾਬਾਦ, 30 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਨੇ ਅਫ਼ਗਾਨਿਸਤਾਨ ਵਿੱਚ ਅਮਰੀਕਾ ਦੇ ਡਰੋਨ ਹਮਲਿਆਂ ਲਈ ਉਸ ਦੇ ਹਵਾਈ ਖੇਤਰ ਦੀ ਵਰਤੋਂ ਕਰਨ ਦੇ ਤਾਲਿਬਾਨ ਦੇ ਅੰਤ੍ਰਿਮ ਰੱਖਿਆ ਮੰਤਰੀ ਦੇ ਦੋਸ਼ ਨੂੰ ਰੱਦ ਕਰ ਕੇ ਉਨ੍ਹਾਂ ਦੀ ਟਿੱਪਣੀ ਨੂੰ 'ਬੇਹੱਦ ਅਫਸੋਸਨਾਕ' ਕਰਾਰ ਦਿੱਤਾ ਅਤੇ ਕਿਹਾ ਕਿ ਇਹ ਟਿੱਪਣੀ 'ਜ਼ਿੰਮੇਵਾਰ ਕੂਟਨੀਤਕ ਆਚਰਣ ਦੇ ਮਿਆਰ ਦੀ ਉਲੰਘਣਾ ਹੈ।' ਅਲਕਾਇਦਾ ਦੇ ਗੈਂਗਸਟਰ ਆਯਮਾਨ ਅਲ ਜਵਾਹਿਰੀ ਨੂੰ 31 ਜੁਲਾਈ ਨੂੰ ਮੱਧ ਕਾਬੁਲ ਵਿੱਚ ਅਮਰੀਕੀ ਡਰੋਨ ਤੋਂ ਦਾਗ਼ੀ ਗਈ ਮਿਜ਼ਾਈਲ ਨਾਲ ਮਾਰੇ ਜਾਣ ਦੇ ਲੱਗਭਗ ਇੱਕ ਮਹੀਨੇ ਬਾਅਦ ਅਫਗਾਨਿਸਤਾਨ ਦੇ ਕਾਰਜਕਾਰੀ ਰੱਖਿਆ ਮੰਤਰੀ ਮੁੱਲਾ ਮੁਹੰਮਦ ਯਾਕੂਬ ਨੇ ਪਾਕਿਸਤਾਨ ਉੱਤੇ ਇਹ ਦੋਸ਼ ਲਾਏ ਸਨ।

ਯਾਕੂਬ ਨੇ ਪੱਤਰਕਾਰਾਂ ਨੂੰ ਕਿਹਾ ਕਿ ਅਮਰੀਕੀ ਡਰੋਨ ਪਾਕਿ-ਸਤਾਨ ਦੇ ਹਵਾਈ ਖੇਤਰ ਤੋਂ ਅਫ਼ਗਾਨਿਸਤਾਨ ਵਿੱਚ ਦਾਖ਼ਲ ਹੋਏ ਸਨ। ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦੇ ਬੁਲਾਰੇ ਸਲੀਮ ਇਫਤੀਖਾਰ ਅਹਿਮਦ ਨੇ ਇੱਕ ਬਿਆਨ ਵਿੱਚ ਕਿਹਾ ਕਿ ਪਾਕਿ-ਸਤਾਨ ਨੇ ਅਫ਼ਗਾਨਿਸਤਾਨ ਦੇ ਕਾਰਜਕਾਰੀ ਰੱਖਿਆ ਮੰਤਰੀ ਦੇ ਅਮਰੀਕੀ ਡਰੋਨ ਹਮਲੇ ਵਿੱਚ ਪਾਕਿ ਹਵਾਈ ਖੇਤਰ ਦੀ ਵਰਤੋਂ ਨੂੰ ਪੂਰੀ ਗੰਭੀਰਤਾ ਨਾਲ ਲਿਆ ਹੈ। ਪਾਕਿਸਤਾਨ ਨੇ ਕਿਹਾ ਕਿ ਉਹ ਅੱਤਵਾਦ ਦੇ ਸਭ ਰੂਪਾਂ ਦੀ ਨਿੰਦਾ ਕਰਦਾ ਹੈ। ਪਾਕਿ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਸਾਡੀ ਅਫ਼ਗਾਨਿਸਤਾਨ ਦੇ ਅੰਤ੍ਰਿਮ ਅਹੁਦੇਦਾਰਾਂ ਨੂੰ ਅਪੀਲ ਹੈ ਕਿ ਉਹ ਕਿਸੇ ਦੇਸ਼ ਦੇ ਖ਼ਿਲਾਫ਼ ਅੱਤਵਾਦੀ ਹਮਲਿਆਂ ਲਈ ਆਪਣੇ ਖੇਤਰ ਦੀ ਵਰਤੋਂ ਨਾ ਹੋਣ ਦੇਣ ਦੀਆਂ ਕੌਮਾਂਤਰੀ ਵਚਨਬੱਧਤਾਵਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ। ਪਾਕਿ ਦੇ ਅਫਸਰਾਂ ਨੇ ਕਾਬੁਲ ਵਿੱਚ ਅਮਰੀਕਾ ਵੱਲੋਂ ਕੀਤੇ ਗਏ ਡਰੋਨ ਹਮਲੇ ਵਿੱਚ ਕਿਸੇ ਵੀ ਰੂਪ ਨਾਲ ਸ਼ਾਮਲ ਹੋਣ ਤੋਂ ਨਾਂਹ ਕੀਤੀ ਹੈ।

# ਭਾਰਤ ਸਰਕਾਰ ਨੇ ਰੇਡੀਓ ਚੈਨਲਾਂ ਨੂੰ ਕਿਹਾ, ਚੌਕਸੀ ਖੁਰਾਕ ਵਾਸਤੇ ਮੁਫਤ ਪ੍ਰਚਾਰ ਕਰੋ



ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਨਿੱਜੀ ਐਫ ਐਮ ਰੇਡੀਓ ਸਟੇਸ਼ਨਾਂ ਤੋਂ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਜਸ਼ਨ ਦੇ ਹਿੱਸੇ ਵਜੋਂ ਦਿੱਤੀ ਜਾਣ ਵਾਲੀ ਕੋਵਿਡ-19 ਵਿਰੋਧੀ ਟੀਕਿਆਂ ਦੀ ਮੁਫਤ ਚੌਕਸੀ ਖੁਰਾਕ ਦਾ ਪ੍ਰਚਾਰ ਮੁਫਤ ਕਰਨ ਨੂੰ ਕਿਹਾ ਹੈ। ਸਰਕਾਰ ਨੇ 'ਆਜ਼ਾਦੀ ਦਾ ਅੰਮ੍ਰਿਤ ਮਹਾ ਉਤਸਵ' ਪ੍ਰੋਗਰਾਮ ਹੇਠ ਸਾਰੇ ਸਰਕਾਰੀ ਟੀਕਾਕਰਨ ਕੇਂਦਰਾਂ ਉੱਤੇਲੋੜਵੰਦ ਆਬਾਦੀ ਨੂੰ ਕੋਵਿਡ-19 ਟੀਕਿਆਂ ਦੀ ਮੁਫਤ ਚੌਕਸੀ ਖੁਰਾਕ ਲਈ 15 ਜੁਲਾਈ ਤੋਂ ਤੀਹ ਸਤੰਬਰ ਤਕ ਚੱਲਣ ਵਾਲੇ 75 ਦਿਨ ਦੀ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ।

ਨਿੱਜੀ ਐਫ ਐਮ ਰੇਡੀਓ ਸਟੇਸ਼ਨਾਂ ਨੂੰ ਸਲਾਹ ਵਿੱਚ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਚੌਕਸੀ ਖੁਰਾਕ ਲਗਵਾਉਣ ਦੀ ਜ਼ਰੂਰਤ ਦੇ ਬਾਰੇ ਸੰਦੇਸ਼ ਪ੍ਰਸਾਰਤ ਕਰਨ ਲਈ ਕਿਹਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਸਾਰੇ ਨਿੱਜੀ ਐਫ ਐਮ ਰੇਡੀਓ ਚੈਨਲ ਲੋਕਾਂ ਨੂੰ ਸਰਕਾਰੀ ਕੇਂਦਰਾਂ ਉੱਤੇ ਮੁਫਤ ਚੌਕਸੀ ਖੁਰਾਕ ਦੀ ਉਪਲਬਧਤਾ ਦੇ ਬਾਰੇ ਸੂਚਿਤ ਕਰਨ ਲਈ ਸੰਦੇਸ਼ ਅਤੇ ਹੋਰ ਸਮੱਗਰੀ ਪ੍ਰਸਾਰਿਤ ਕਰਨ। ਉਹ ਉਨ੍ਹਾਂ ਨੂੰ ਚੌਕਸੀ ਖੁਰਾਕ ਪ੍ਰਾਪਤ ਕਰਨ, ਕੋਵਿਡ-19 ਦੀ ਰੋਕਥਾਮ ਲਈ ਉਚਿਤ ਵਿਹਾਰ ਦਾ ਪਾਲਣ ਕਰਨ ਅਤੇ ਜ਼ਰੂਰੀ ਸਾਵਧਾਨੀ ਦੀ ਚੌਕਸੀ ਦੇ ਬਾਰੇ ਵੀ ਦੱਸਣ। ਬੀਤੇ ਸਾਲ 16 ਜਨਵਰੀ ਨੂੰ ਦੇਸ਼ਵਿਆਪੀ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਪਿੱਛੋਂ ਭਾਰਤ ਵਿੱਚ ਅੱਜ ਤਕ ਕੋਵਿਡ-19 ਵਿਰੋਧੀ ਟੀਕਿਆਂ ਦੀ 211 ਕਰੋੜ ਤੋਂ ਵੱਧ ਖੁਰਾਕ ਲਾਈ ਗਈ ਹੈ।10 ਜਨਵਰੀ ਨੂੰ ਚੌਕਸੀ ਖੁਰਾਕ ਨਾਲ ਸਬੰਧਤ ਮੁਹਿੰਮ ਸ਼ੁਰੂ ਹੋਣ ਪਿੱਛੋਂ ਇਸ ਸੋਮਵਾਰ ਤਕ 15.43 ਕਰੋੜ ਤੋਂ ਵੱਧ ਨੂੰ ਬੂਸਟਰ ਡੋਜ਼ ਦਿੱਤੀ ਗਈ ਹੈ।

# ਧਿਆਨ ਚੰਦ ਦੇ ਬੇਟੇ ਨੂੰ ਉਨ੍ਹਾਂ ਦੀ ਹਾਕੀ ਸਟਿਕ ਦਿੱਤੀ ਜਾਏਗੀ



ਮੇਰਠ, 30 ਅਗਸਤ (ਪੋਸਟ ਬਿਊਰੋ)- ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੀ ਹਾਕੀ ਸਟਿਕ, ਜੋ ਦਹਾਕਿਆਂ ਤੋਂ ਮੇਰਠ ਵਿੱਚ ਸੁਰੱਖਿਅਤ ਸੀ, ਨੂੰ ਝਾਂਸੀ ਲਿਜਾਇਆ ਗਿਆ ਹੈ। ਉਸ ਦੀ ਸੰਭਾਲ ਦਾ ਕੰਮ ਕੋਚ ਸਤੀਸ਼ ਸ਼ਰਮਾ ਅਤੇ ਖੇਡ ਅਫਸਰਾਂ ਸਮੇਤ ਖਿਡਾਰੀਆਂ ਦੀ ਇੱਕ ਟੀਮ ਕਰ ਰਹੀ ਹੈ। ਹਾਕੀ ਦੇ ਜਾਦੂਗਰ ਦੇ ਬੇਟੇ ਅਸ਼ੋਕ ਧਿਆਨ ਚੰਦ ਨੂੰ 117ਵੀਂ ਜਯੰਤੀ ਦੇ ਮੌਕੇ ਉੱਤੇ ਝਾਂਸੀ ਵਿੱਚ ਇਹ ਹਾਕੀ ਸਟਿਕ ਸੌਂਪੀ ਜਾਏਗੀ।

ਕੋਚ ਸਤੀਸ਼ ਸ਼ਰਮਾ ਨੇ ਕਿਹਾ, ''ਇਹ ਹਾਕੀ ਸਟਿਕ 66 ਸਾਲ ਤੋਂ ਵੱਧ ਪੁਰਾਣੀ ਹੈ। 'ਦੱਦਾ', ਜਿਸ ਨੂੰ ਹਾਕੀ ਦੇ ਜਾਦੂਗਰ ਕਿਹਾ ਜਾਂਦਾ ਸੀ, 1956 ਵਿੱਚ ਇਸ ਹਾਕੀ ਸਟਿਕ ਨਾਲ ਪ੍ਰੈਕਟਿਸ ਕਰਦੇ ਸਨ। ਇਹ ਸਟਿਕ ਅਰੁਣ ਸ਼ਰਮਾ ਦੇ ਕੋਲ ਸੀ, ਜੋ ਹਾਕੀ ਮੇਕਰ ਸਵਰਗੀ ਸੋਹਣ ਲਾਲ ਸ਼ਰਮਾ ਦੇ ਪੋਤਰੇ ਹਨ। ਸੋਹਣ ਲਾਲ ਨਾਲ ਮੇਜਰ ਧਿਆਨ ਚੰਦ ਕਾਫੀ ਸਮਾਂ ਬਿਤਾਉਂਦੇ ਸਨ। ਅਰੁਣ ਨੇ ਲੀਜੈਂਡ ਦੀ ਯਾਦ ਨੂੰ ਜਿਊਂਦੇ ਰੱਖਣ ਲਈ ਇਸ ਨੂੰ ਆਪਣੇ ਕੋਲ ਸੰਭਾਲਿਆ ਹੋਇਆ ਸੀ।'' ਉਨ੍ਹਾਂ ਨੇ ਕਿਹਾ, ''ਹਾਲ ਹੀ ਵਿੱਚ ਅਸ਼ੋਕ ਧਿਆਨ ਚੰਦ ਨੇ ਉਸ ਹਾਕੀ ਸਟਿਕ ਲਈ ਬੇਨਤੀ ਕੀਤੀ। ਜਦ ਅਰੁਣ ਨੂੰ ਇਸ ਦੇ ਬਾਰੇ ਵਿੱਚ ਪਤਾ ਲੱਗਾ ਤਾਂ ਉਹ ਖੁਸ਼ੀ-ਖੁਸ਼ੀ ਉਸ ਨੂੰ ਸੌਂਪਣ ਲਈ ਤਿਆਰ ਹੋ ਗਏ।''

# ਪੂਰੇ ਭਾਰਤ ਵਿੱਚ ਖੁਦਕੁਸ਼ੀਆਂ ਦੀ ਦਰ 'ਚ 6.2 ਫੀਸਦੀ ਵਾਧਾ

*ਖੁਦਕੁਸ਼ੀ ਦੇ ਸਭ ਤੋਂ ਵੱਧ ਕੇਸਾਂ ਵਿਚ ਮਹਾਰਾਸ਼ਟਰ ਨੰਬਰ ਵਨ



ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ 2021 ਵਿੱਚ ਮਹਾਰਾਸ਼ਟਰ ਵਿੱਚ ਖੁਦਕੁਸ਼ੀ ਦੀਆਂ ਸਭ ਤੋਂ ਵੱਧ ਘਟਨਾਵਾਂ ਹੋਈਆਂ। ਤਾਮਿਲ ਨਾਡੂ ਅਤੇ ਮੱਧ ਪ੍ਰਦੇਸ਼ ਖੁਦਕੁਸ਼ੀਦੇ ਕੇਸਾਂ ਵਿੱਚ ਦੂਸਰੇ ਤੇ ਤੀਸਰੇ ਸਥਾਨ ਉੱਤੇ ਰਹੇ। ਪੂਰੇ ਭਾਰਤ ਵਿੱਚ ਅਜਿਹੇ 1,64,033 ਕੇਸ ਦਰਜ ਕੀਤੇ ਗਏ।

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ ਸੀ ਆਰ ਬੀ) ਦੀ ਤਾਜ਼ਾ ਰਿਪੋਰਟ ਅਨੁਸਾਰ ਪੇਸ਼ੇ ਜਾਂ ਕੈਰੀਅਰ ਨਾਲ ਸਬੰਧਤ ਸਮੱਸਿਆਵਾਂ, ਇਕੱਲੇਪਣ ਦੀ ਭਾਵਨਾ, ਦੁਰਵਿਹਾਰ, ਹਿੰਸਾ, ਪਰਵਾਰਕ ਸਮੱਸਿਆਵਾਂ, ਮਾਨਸਿਕ ਵਿਕਾਰ, ਸ਼ਰਾਬ ਦੀ ਆਦਤ ਤੇ ਵਿੱਤੀ ਨੁਕਸਾਨ ਆਦਿ ਦੇਸ਼ ਵਿੱਚ ਖੁਦਕੁਸ਼ੀਦੀਆਂ ਘਟਨਾਵਾਂ ਦੇ ਮੁੱਖ ਕਾਰਨ ਹਨ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ 2020 ਵਿੱਚ ਖੁਦਕੁਸ਼ੀਦੇ ਕੁੱਲ 1,53,052 ਕੇਸ ਦਰਜ ਕੀਤੇ ਗਏ, ਜਦ ਕਿ 2021 ਵਿੱਚ ਸੱਤ ਫੀਸਦੀ ਵੱਧ ਕੁੱਲ 1,64,033 ਕੇਸ ਦਰਜ ਕੀਤੇ ਗਏ ਸਨ। ਇਸ ਵਿੱਚ ਕਿਹਾ ਗਿਆ ਹੈ ਕਿ ਖੁਦਕੁਸ਼ੀਦੀ ਦਰ ਵਿੱਚ 6.2 ਫੀਸਦੀ ਦਾ ਵਾਧਾ ਹੋਇਆ।

ਐਨ ਸੀ ਆਰ ਬੀ ਦੀ ਰਿਪੋਰਟ ਅਨੁਸਾਰ ਪਿਛਲੇ ਸਾਲ ਦੇਸ਼ ਵਿੱਚ ਮਹਾਰਾਸ਼ਟਰ ਵਿੱਚ ਖੁਦਕੁਸ਼ੀਦੇ ਸਭ ਤੋਂ ਵੱਧ 22,207 ਕੇਸ ਦਰਜ ਹੋਏ। ਇਸ ਪਿੱਛੋਂ ਤਾਮਿਲਨਾਡੂ ਵਿੱਚ 18,925, ਮੱਧ ਪ੍ਰਦੇਸ਼ ਵਿੱਚ 14,965, ਪੱਛਮੀ ਬੰਗਾਲ ਵਿੱਚ 13,500 ਅਤੇ ਕਰਨਾਟਕ ਵਿੱਚ 13,056 ਕੇਸ ਦਰਜ ਕੀਤੇ ਗਏ, ਜੋ ਖੁਦਕੁਸ਼ੀਦੇ ਕੁੱਲ ਕੇਸਾਂ ਦਾ ਕ੍ਰਮਵਾਰ 13.5 ਫੀਸਦੀ, 11.5 ਫੀਸਦੀ, 9.1 ਫੀਸਦੀ, 8.2 ਫੀਸਦੀ ਅਤੇ ਅੱਠ ਫੀਸਦੀ ਹੈ। ਦੇਸ਼ ਵਿੱਚ ਦਰਜ ਹੋਏਖੁਦਕੁਸ਼ੀਦੇ ਕੁੱਲ ਕੇਸਾਂ ਵਿੱਚੋਂ ਇਨ੍ਹਾਂ ਪੰਜ ਰਾਜਾਂ ਵਿੱਚ ਹੀ 50.4 ਫੀਸਦੀ ਕੇਸ ਦਰਜ ਹੋਏ। ਬਾਕੀ 49.6 ਫੀਸਦੀ ਕੇਸ 23 ਦੂਸਰੇ ਰਾਜਾਂ ਤੇ ਅੱਠ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵਾਪਰੇ। ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਭ ਤੋਂ ਵੱਧ 2840 ਕੇਸ ਦਿੱਲੀ ਵਿੱਚਦਰਜ ਕੀਤੇ ਗਏ। ਇਸ ਦੇ ਬਾਅਦ ਪੁੱਡੂਚੇਰੀ ਵਿੱਚ 504 ਕੇਸ ਹੋਏ। ਬੀਤੇ ਸਾਲ ਭਾਰਤ ਦੇ 53 ਵੱਡੇ ਸ਼ਹਿਰਾਂ ਵਿੱਚ ਖੁਦਕੁਸ਼ੀਦੇ ਕੁੱਲ 25891 ਕੇਸ ਦਰਜ ਹੋਏ। ਦੇਸ਼ ਵਿੱਚ 2021 ਵਿੱਚ ਹਰ ਇੱਕ ਲੱਖ ਦੀ ਆਬਾਦੀ ਉੱਤੇਖੁਦਕੁਸ਼ੀਦੇ ਕੇਸਾਂ ਦੀ ਰਾਸ਼ਟਰੀ ਦਰ 12 ਰਹੀ। ਅੰਡੇਮਾਨ ਅਤੇ ਨਿਕੋਬਾਰ ਵਿੱਚ ਖੁਦਕੁਸ਼ੀਦੀ ਵੱਧ ਤੋਂ ਵੱਧ ਦਰ (39.7) ਦਰਜ ਕੀਤੀ ਗਈ। ਇਸ ਦੇ ਬਾਅਦ ਸਿੱਕਮ (39.2), ਪੁੱਡੂਚੇਰੀ (31.8), ਤੇਲੰਗਾਨਾ (26.9) ਅਤੇ ਕੇਰਲ ਵਿੱਚ ਇਹ ਦਰ 26.9 ਦਰਜ ਕੀਤੀ ਗਈ।

# ਬਕਾਏ ਨਾ ਦੇਣ ਉੱਤੇ ਪਾਕਿ ਉਲੰਪੀਅਨ ਦੀ ਲਾਸ਼ ਹਸਪਤਾਲ ਨੇ ਕਈ ਘੰਟੇ ਰੱਖੀ



ਲਾਹੌਰ, 30 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਉਲੰਪੀਅਨ ਅਤੇ ਹਾਕੀ ਟੀਮ ਦੇ ਸਾਬਕਾ ਕਪਤਾਨ ਮੰਜ਼ੂਰ ਹੁਸੈਨ ਦੇ ਇਲਾਜ਼ ਦਾ ਬਕਾਇਆ ਬਿੱਲ ਨਾ ਦੇਣ ਉੱਤੇ ਕੱਲ੍ਹ ਉਸ ਦੀ ਲਾਸ਼ ਨੂੰ ਇੱਥੇ ਇੱਕ ਨਿੱਜੀ ਹਸਪਤਾਲ ਨੇ ਕਈ ਘੰਟੇ ਤਕ ਸੌਂਪਣ ਤੋਂ ਇਨਕਾਰ ਕਰ ਦਿੱਤਾ। ਮੰਜ਼ੂਰ ਦੀ ਦਿੱਲ ਦੀ ਗਤੀ ਰੁਕਣ ਨਾਲ ਮੌਤ ਹੋ ਗਈ ਸੀ।

ਮੰਜ਼ੂਰ ਜੂਨੀਅਰ ਦੇ ਨਾਮ ਨਾਲ ਮਸ਼ਹੂਰ 64 ਸਾਲ ਦੇ ਹੁਸੈਨ 1976 ਅਤੇ 1984 ਦੇ ਉਲੰਪਿਕ ਵਿੱਚ ਕ੍ਰਮਵਾਰ ਕਾਂਸੀ ਅਤੇ ਸੋਨੇ ਦਾ ਤਮਗਾ ਜਿੱਤਣ ਵਾਲੀ ਟੀਮ ਦਾ ਹਿੱਸਾ ਸੀ। ਹੁਸੈਨ ਨੂੰ ਲਾਹੌਰ ਦੇ ਸ਼ਾਲੀਮਾਰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਸੀ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਪਾਕਿਸਤਾਨ ਦੇ ਪੰਜਾਬ ਦੀ ਸਰਕਾਰ ਦੇ ਇੱਕ ਅਫਸਰ ਨੇ ਕਿਹਾ ਕਿ ''ਹਸਪਤਾਲ ਪ੍ਰਬੰਧਕਾਂ ਨੇ ਇਲਾਜ਼ ਦੇ ਬਕਾਏ ਦਾ ਭੁਗਤਾਨ ਨਾ ਕਰਨ ਉੱਤੇ ਇਸ ਸਾਬਕਾ ਦਿਗਜ਼ ਦੀ ਲਾਸ਼ ਨੂੰ ਕਈ ਘੰਟਿਆਂ ਤਕ ਰੋਕੀ ਰੱਖਿਆ। ਬਾਅਦ ਵਿੱਚ ਪਾਕਿਸਤਾਨ ਹਾਕੀ ਫੈਡਰੇਸ਼ਨ ਨੇ ਇਸ ਕੇਸ ਦਾ ਨੋਟਿਸ ਲਿਆ ਤੇ ਪੰਜ ਲੱਖ ਰੁਪਏ ਦੇ ਭੁਗਤਾਨ ਕੀਤਾ। ਇਸ ਦੇ ਬਾਅਦ ਉਨ੍ਹਾਂ ਦੀ ਲਾਸ਼ ਨੂੰ ਪਰਵਾਰ ਮੈਂਬਰਾਂ ਨੂੰ ਸੌਂਪਿਆ ਗਿਆ।''






# ਪਾਕਿ ਵਿੱਚ ਰਾਵੀ ਦਰਿਆ'ਦਾ ਪੁਲ ਬਣਾਉਣ ਵਾਲਾ ਕੰਮ 50 ਫਸਿਦੀ ਮਸਾਂ ਹੋਇਐ



ਲਾਹੌਰ, 30 ਅਗਸਤ (ਪੋਸਟ ਬਿਊਰੋ)- ਭਾਰਤ ਤੇ ਪਾਕਿਸਤਾਨ ਵਿੱਚ ਸਾਂਝ ਦਾ ਕੇਂਦਰ ਬਣੇ ਕਰਤਾਰ-ਪੁਰ ਕਾਰੀਡੋਰ ਦੇ ਰਸਤੇ ਉੱਤੇ ਪਾਕਿ-ਸਤਾਨ ਸਰਕਾਰ ਵੱਲੋਂ ਰਾਵੀ ਦਰਿਆ ਉੱਤੇ ਜੋ ਪੁਲ ਬਣਾਉਣ ਦਾ ਵਾਅਦਾ ਸਾਲ 2020 ਵਿੱਚ ਪੁਲ ਬਣਾ ਕੇ ਪੂਰਾ ਕਰਨਾ ਸੀ, ਉਸ ਪੁਲ ਉੱਤੇ ਅਜੇ ਵੀ ਲੱਗਭਗ 50 ਪ੍ਰਤੀਸ਼ਤ ਕੰਮ ਹੋਇਆ ਹੈ। ਜਿਸ ਚਾਲਨਾਲ ਇਸ ਪੁਲ ਨੂੰ ਬਣਾਉਣ ਦਾ ਕੰਮ ਹੋਰ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਕਰਤਾਰਪੁਰ ਕਾਰੀਡੋਰ ਦੇ ਰਸਤੇ ਗੁਰਦੁਆਰਾ ਸ਼੍ਰੀ ਦਰਬਾਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੂੰ ਅਜੇ ਕੁਝ ਸਾਲ ਹੋਰ ਮੁਸ਼ਕਿਲ ਝੱਲਣੀ ਪੈ ਸਕਦੀ ਹੈ।

ਜਾਣਕਾਰ ਸੂਤਰਾਂ ਅਨੁਸਾਰ ਸਾਲ 2019 ਵਿੱਚ ਕਰਤਾਰਪੁਰ ਕਾਰੀਡੋਰ ਖੋਲ੍ਹਣ ਬਾਰੇ ਭਾਰਤ ਤੇ ਪਾਕਿਸਤਾਨ ਦੇ ਸਮਝੌਤੇ ਹੇਠ ਪਾਕਿ-ਸਤਾਨ ਵੱਲ ਵਗਦੇ ਰਾਵੀ ਦਰਿਆ ਉੱਤੇ ਪੁਲ ਬਣਾਉਣ ਦਾ ਕੰਮ ਪਾਕਿ-ਸਤਾਨ ਸਰਕਾਰ ਕਰੇਗੀ ਅਤੇ ਸਾਲ 2020 ਤੱਕ ਇਸ ਪੁਲ ਦਾ ਕੰਮ ਪੂਰਾ ਕਰਨਾ ਸੀ, ਕਿਉਂਕਿ ਕਾਰੀਡੋਰ ਰਸਤੇ ਯਾਤਰਾ ਕਰਨ ਵਾਲੇ ਲੋਕਾਂ ਨੂੰ ਅਜੇ ਰਾਵੀ ਦਰਿਆ ਦੇ ਪਾਣੀ ਦੇ ਵਿੱਚੋਂ ਹੋ ਕੇ ਜਾਣਾ ਪੈਂਦਾ ਅਤੇ ਉਸ ਦੇ ਅੱਗੇ ਈ-ਰਿਕਸ਼ਾ ਦਾ ਪ੍ਰਬੰਧ ਪਾਕਿਸਤਾਨ ਸਰਕਾਰ ਨੇ ਕੀਤਾ ਹੋਇਆ ਹੈ।ਇਸ ਕਾਰੀਡੋਰ ਨੂੰ ਬਣਨ ਅਤੇ ਕੁਝ ਧਾਰਮਿਕ ਸਥਾਨਾਂ ਦੀ ਮੁਰੰਮਤ ਲਈ ਪਾਕਿਸਤਾਨ ਸਰਕਾਰ ਨੇ ਵਿਸ਼ਵ ਬੈਂਕ ਤੋਂ 60 ਕਰੋੜ ਰੁਪਏ ਪ੍ਰਾਜੈਕਟ ਵਿਕਾਸ ਯੋਜਨਾ ਅਧੀਨ ਕਰਜ਼ਾ ਵੀ ਲਿਆ ਹੋਇਆ ਹੈ।

# 'ਸੇਬੀ' ਕੋਲੋਂ ਮਨਜ਼ੂਰੀ ਲੈਣ ਬਾਰੇ ਐਨ ਡੀ ਟੀ ਵੀ ਦਾ ਦਾਅਵਾ ਅਡਾਨੀ ਗਰੁੱਪ ਨੇ ਨਕਾਰਿਆ

ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ)- ਅਡਾਨੀ ਗਰੁੱਪ ਨੇ ਕੱਲ੍ਹ ਐਨ ਡੀ ਟੀ ਵੀ ਦਾ ਇਹ ਦਾਅਵਾ ਰੱਦ ਕੀਤਾ ਹੈ ਜਿਸ ਵਿੱਚ ਮੀਡੀਆ ਗਰੁੱਪ ਨੇ ਕਿਹਾ ਸੀ ਕਿ 'ਆਰ ਆਰ ਪੀ ਆਰ' (ਰਾਧਿਕਾ ਰੌਏ ਅਤੇ ਪ੍ਰਣਯ ਰੌਏ) ਲਿਮਟਿਡ ਦੀ ਹਿੱਸੇਦਾਰੀ ਖ਼ਰੀਦਣ ਲਈ ਸੇਬੀ (ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਦੀ ਮਨਜ਼ੂਰੀ ਲੋੜੀਂਦੀ ਹੈ। ਉਨ੍ਹਾਂ ਕਿਹਾ ਕਿ ਪ੍ਰਮੋਟਰ ਇਕਾਈ ਰੈਗੂਲੇਟਰ ਦੇ ਉਸ ਹੁਕਮ ਦਾ ਹਿੱਸਾ ਨਹੀਂ, ਜਿਸ ਵਿੱਚ ਐਨ ਡੀ ਟੀ ਵੀ ਦੇ ਪ੍ਰਮੋਟਰਾਂ ਪ੍ਰਣਯ ਰੌਏ ਅਤੇ ਰਾਧਿਕਾ ਰੌਏ ਦੇ ਸਕਿਉਰਿਟੀ ਬਾਜ਼ਾਰ ਵਿੱਚ ਕਾਰੋਬਾਰ ਉਤੇ ਪਾਬੰਦੀ ਲਾਈ ਗਈ ਸੀ।

ਆਰ ਆਰ ਪੀ ਆਰ' ਵੱਲੋਂ ਕੀਤੇ ਇਤਰਾਜ਼ਾਂ ਨੂੰ 'ਬੇਬੁਨਿਆਦ, ਗ਼ੈਰ ਕਾਨੂੰਨੀ ਤੇ ਮਹੱਤਵਹੀਣ' ਕਰਾਰ ਦਿੰਦਿਆਂ, ਵਿਸ਼ਵਪ੍ਰਧਾਨ ਕਮਰਸ਼ੀਅਲ ਪ੍ਰਾਈਵੇਟ ਲਿਮਟਿਡ (ਵੀ ਸੀ ਪੀ ਐਲ) ਨੇ ਕਿਹਾ ਹੈ ਕਿ ਹੋਲਡਿੰਗ ਫਰਮ 'ਤੁਰੰਤ ਆਪਣੀ ਜ਼ਿੰਮੇਵਾਰੀ ਅਦਾ ਕਰਨ ਲਈ ਪਾਬੰਦ ਹੈ ਤੇ ਇਸ ਨੂੰ ਜਲਦੀ ਤੋਂ ਜਲਦੀ ਇਕੁਇਟੀ ਸ਼ੇਅਰ ਅਲਾਟ ਕਰਨੇ ਚਾਹੀਦੇ ਹਨ।' ਇੱਕ ਰੈਗੂਲੇਟਰੀ ਅਪਡੇਟਵਿੱਚ ਅਡਾਨੀ ਐਂਟਰਪ੍ਰਾਈਜ਼ਿਜ਼ ਲਿਮਟਿਡ ਨੇ ਕਿਹਾ ਹੈ ਕਿ ਵੀ ਸੀ ਪੀ ਐਲ, ਐਨ ਡੀ ਟੀ ਵੀਅਤੇ ਆਰ ਆਰ ਪੀ ਆਰ ਲਈ ਉਨ੍ਹਾਂ ਨੇ ਜਵਾਬ ਭੇਜ ਦਿੱਤਾ ਹੈ।

# ਅਧਿਕਾਰੀ ਲੋਕ ਭਲਾਈ ਸਕੀਮਾਂ, ਵਿਕਾਸ ਪ੍ਰੋਜੈਕਟਾਂ ਅਤੇ ਯੋਜਨਾਵਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁਚਾਉਣ: ਮੁਹੰਮਦ ਸਦੀਕ

*ਜਿਲ੍ਹਾ ਵਿਕਾਸ ਤਾਲਮੇਲ ਅਤੇ ਮੋਨੀਟਰਿੰਗ ਕਮੇਟੀ ਦੀ ਮੀਟਿੰਗ ਐਮ.ਪੀ. ਮੁਹੰਮਦ ਸਦੀਕ ਦੀ ਪ੍ਰਧਾਨਗੀ ਹੇਠ ਹੋਈ

ਫਰੀਦਕੋਟ, 30 ਅਗਸਤ (ਗਿਆਨ ਸਿੰਘ)- ਜਿਲ੍ਹਾ ਵਿਕਾਸ ਤਾਲਮੇਲ ਅਤੇ ਮੋਨੇਟਰਿੰਗ ਕਮੇਟੀ ਦੀ ਮੀਟਿੰਗ ਫਰੀਦਕੋਟ ਦੇ ਮੈਂਬਰ ਲੋਕ ਸਭਾ ਜਨਾਬ ਮੁਹੰਮਦ ਸਦੀਕ ਦੀ ਅਗਵਾਈ ਹੇਠ ਇੱਥੋਂ ਦੇ ਅਸ਼ੋਕਾ ਚੱਕਰ ਮੀਟਿੰਗ ਹਾਲ ਵਿਖੇ ਹੋਈ। ਜਿਸ ਵਿੱਚ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਮੈਂਬਰ ਲੋਕ ਸਭਾ ਜਨਾਬ ਮੁਹੰਮਦ ਸਦੀਕ ਵੱਲੋਂ ਡਿਸਟਰਿਕਟ ਡਿਵੈਲਪਮੈਂਟ ਕੁਆਰਡੀਨੇਸ਼ਨ ਐਂਡ ਮੋਨੇਟਰਿੰਗ ਕਮੇਟੀ ਵਿੱਚ ਆਉਣ ਤੇ ਉਨ੍ਹਾਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਵੱਖ ਵੱਖ ਵਿਭਾਗਾਂ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਵਿੱਚ ਹੋਰ ਤੇਜ਼ੀ ਲਿਆਉਣ ਅਤੇ ਉਨ੍ਹਾਂ ਨੂੰ ਮਿੱਥੇ ਸਮੇਂ ਵਿੱਚ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਦੇ ਆਦੇਸ਼ਾਂ ਅਨੁਸਾਰ ਕੇਂਦਰੀ ਅਤੇ ਰਾਜ ਪੱਧਰ ਦੀਆਂ ਲੋਕ ਭਲਾਈ ਸਕੀਮਾਂ, ਵਿਕਾਸ ਕਾਰਜਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇਗਾ। ਉਨ੍ਹਾਂ ਮੈਂਬਰ ਲੋਕਾਂ ਸਭਾ ਜਨਾਬ ਮੁਹੰਮਦ ਸਦੀਕ ਨੂੰ ਯਕੀਨ ਦਵਾਇਆ ਕਿ ਜਿਲ੍ਹਾਂ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਲੋਕ ਭਲਾਈ ਸਕੀਮਾਂ, ਵਿਕਾਸ ਪ੍ਰੋਜੈਕਟਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਕਾਸ ਪ੍ਰੋਜੈਕਟਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਊਣਤਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ।




ਇਸ ਮੌਕੇ ਜਿਲ੍ਹਾਂ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਮੈਂਬਰ ਲੋਕ ਸਭਾ ਜਨਾਬ ਮੁਹੰਮਦ ਸਦੀਕ ਨੂੰ ਕਿਹਾ ਕਿ ਵੱਖ ਵੱਖ ਵਿਕਾਸ ਪ੍ਰੋਜੈਕਟਾਂ ਲੋਕ ਭਲਾਈ ਕੰਮਾਂ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਵੱਖ ਵੱਖ ਯੋਜਨਾਂਵਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਉਹ ਰਾਜ ਸਰਕਾਰ, ਜਿਲ੍ਹਾਂ ਪ੍ਰਸ਼ਾਸਨ ਤੇ ਲੋਕਾਂ ਦੇ ਚੁਣੇ ਨੁਮਾਇੰਦਿਆਂ ਦਾ ਫਰਜ਼ ਬਣਦਾ ਹੈ ਕਿ ਉਹ ਸਕੀਮਾਂ ਵੱਖ ਵੱਖ ਯੋਜਨਾਵਾਂ ਸਬੰਧੀ ਕੋਈ ਦਿੱਕਤ ਪੇਸ਼ ਨਾ ਆਉਣ ਦੇਣ। ਇਸ ਮੌਕੇ ਉਨ੍ਹਾਂ ਮਗਨਰੇਗਾ ਤਹਿਤ ਜਿਲ੍ਹੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ, ਦੀਨ ਦਿਆਲ ਅਨਤੋਦਿਆ ਯੋਜਨਾ, ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ, ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ, ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਸਵੱਛ ਭਾਰਤ ਮਿਸ਼ਨ,ਸਵੱਛ ਭਾਰਤ ਮਿਸ਼ਨ ਗ੍ਰਾਮੀਣ, ਜਲ ਜੀਵਨ ਮਿਸ਼ਨ, ਪੀ.ਐਮ.ਕੇ.ਐਸ.ਵਾਈ.ਮਿਡ ਡੇ ਮੀਲ ਸਕੀਮ,ਸਮੱਗਰਾ ਸਿੱਖਿਆ ਅਭਿਆਨ ਆਦਿ ਦੀ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਤੇ ਅਧਿਕਾਰੀਆਂ ਨੂੰ ਕਿਹਾ ਕਿ ਅਜੇ ਵੀ ਬਹੁਤ ਸਾਰੇ ਲੋਕਾਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਨਹੀਂ ਮਿਲ ਰਿਹਾ ਤੇ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਵਿਕਾਸ ਸਕੀਮਾਂ ਦਾ ਹਰ ਇਕ ਨਾਗਰਿਕ ਅਤੇ ਲੋੜਵੰਦ ਨੂੰ ਲਾਭ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ. ਲਖਵਿੰਦਰ ਸਿੰਘ ਰੰਧਾਵਾ, ਐਸ.ਡੀ.ਐਮ. ਫਰੀਦਕੋਟ ਮੈਡਮ ਬਲਜੀਤ ਕੌਰ,ਐਸ.ਡੀ.ਐਮ. ਕੋਟਕਪੂਰਾ ਮੈਡਮ ਵੀਰਪਾਲ ਕੌਰ, ਐਕਸੀਅਨ ਪੰਚਾਇਤੀ ਰਾਜ, ਡੀ.ਡੀ.ਪੀ.ਓ ਸ੍ਰੀ ਧਰਮਪਾਲ, ਸ੍ਰੀ ਹਰਸਿਮਰਨ ਸਿੰਘ ਨੁਮਾਇੰਦਾ ਜੈਤੋ ਵਿਧਾਇਕ, ਸ੍ਰੀ ਸੂਰਜ ਭਾਰਦਵਾਜ, ਸ੍ਰੀ ਸਤਪਾਲ ਡੋਡ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਨਸ਼ਿਆਂ ਤੇ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਪ੍ਰੈਸ ਤੇ ਪਬਲਿਕ ਦਾ ਸਹਿਯੋਗ ਜਰੂਰੀ: ਰਾਜਪਾਲ ਸਿੰਘ

*ਮੀਡੀਆ ਦੇ ਨੁਮਾਇੰਦਿਆਂ ਨਾਲ ਕੀਤੀ ਵਿਸ਼ੇਸ਼ ਮੀਟਿੰਗ




ਫਰੀਦਕੋਟ, 30 ਅਗਸਤ (ਗਿਆਨ ਸਿੰਘ )- ਨਸ਼ਿਆਂ, ਸਮਾਜਿਕ ਅਲਾਮਤਾਂ ਦੇ ਖਾਤਮੇ ਅਤੇ ਜਿਲੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਪ੍ਰੈਸ, ਪਬਲਿਕ ਤੇ ਪੁਲਿਸ ਦਾ ਆਪਸੀ ਸਹਿਯੋਗ ਬਹੁਤ ਜਰੂਰੀ ਹੈ। ਇਹ ਪ੍ਰਗਟਾਵਾ ਐਸ.ਐਸ.ਪੀ. ਫਰੀਦਕੋਟ ਸ. ਰਾਜਪਾਲ ਸਿੰਘ ਸੰਧੂ ਆਈ.ਪੀ.ਐਸ. ਨੇ ਮੀਡੀਆ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ।

ਐਸ.ਐਸ.ਪੀ. ਸ. ਰਾਜਪਾਲ ਸਿੰਘ ਸੰਧੂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ. ਪੰਜਾਬ ਸ੍ਰੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾ ਤੇ ਪੁਲਿਸ ਜਿੱਥੇ ਅਮਨ ਕਾਨੂੰਨ ਦੀ ਸਥਾਪਤੀ ਲਈ ਕੰਮ ਕਰ ਰਹੀ ਹੈ ਉੱਥੇ ਪੁਲਿਸ ਵੱਲੋਂ ਨਸ਼ਿਆਂ ਦੇ ਸੌਦਾਗਰਾਂ ਖਿਲਾਫ ਕਾਰਵਾਈ ਅਤੇ ਇਸ ਦੀ ਸਪਲਾਈ ਲਾਈਨ ਤੋੜਨ ਲਈ ਵੀ ਵੱਡੀ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੀ ਸਫਲਤਾ ਲਈ ਮੀਡੀਆ ਤੇ ਆਮ ਲੋਕਾਂ ਦੇ ਸਹਿਯੋਗ ਦੇ ਬਹੁਤ ਲੋੜ ਹੈ ਤਾਂ ਜੋ ਅਜਿਹੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਹੋਂਦ ਵਿੱਚ ਲਿਆਂਦੀ ਜਾ ਸਕੇ। ਉਨ੍ਹਾਂ ਪ੍ਰੈਸ ਦੇ ਨੁਮਾਇੰਦਿਆਂ ਤੇ ਆਮ ਲੋਕਾਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਦੇ ਧਿਆਨ ਵਿੱਚ ਕਿਸੇ ਸਮਾਜ ਵਿਰੋਧੀ ਕਾਰਵਾਈ, ਨਸ਼ਿਆਂ ਦੀ ਸਪਲਾਈ, ਸੇਵਨ ਆਦਿ ਬਾਰੇ ਪਤਾ ਲੱਗਦਾ ਹੈ ਤਾਂ ਉਹ ਤੁਰੰਤ ਇਸ ਦੀ ਸੂਚਨਾ ਪੁਲਿਸ ਨੂੰ ਦੇਣ। ਉਨ੍ਹਾਂ ਕਿਹਾ ਕਿ ਸਿਵਲ ਪ੍ਰਸ਼ਾਸ਼ਨ ਅਤੇ ਲੋਕਾਂ ਦੇ ਸਹਿਯੋਗ ਨਾਲ ਜਿਲੇ ਵਿੱਚ ਟਰੈਫਿਕ ਵਿਵਸਥਾ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਲੋਕਾਂ ਦੀ ਸਹੂਲਤ ਅਤੇ ਸੇਵਾ ਨੂੰ ਮੁੱਖ ਰੱਖਦਿਆਂ ਜਿਲੇ ਦੇ ਥਾਣਿਆਂ ਵਿੱਚ ਮੁਲਾਜਮਾਂ ਦੀ ਨਫਰੀ ਨੂੰ ਪੂਰਾ ਕੀਤਾ ਜਾ ਰਿਹਾ ਹਾ। ਉਨ੍ਹਾਂ ਇਹ ਵੀ ਦੱਸਿਆ ਕਿ ਬਾਬਾ ਫਰੀਦ ਆਗਮਨ ਪੁਰਬ ਦੇ ਸਫਲਤਾ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਜਿਲਾ ਪ੍ਰਸ਼ਾਸਨ ਨਾਲ ਸਹਿਯੋਗ ਕਰਕੇ ਇਸ ਸਮਾਗਮ ਨੂੰ ਸ਼ਾਂਤੀਪੂਰਵਕ ਨੇਪਰੇ ਚਾੜ੍ਹਿਆਂ ਜਾਵੇਗਾ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਦੀ ਸਹੂਲਤ ਲਈ ਸਹਾਇਤਾ ਕੇਂਦਰ ਸਥਾਪਿਤ




ਅੰਮ੍ਰਿਤਸਰ, 30 ਅਗਸਤ (ਗਿਆਨ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਤੌਰ ’ਤੇ ਤਿਆਰ ਕੀਤੇ ਗਏ ਸਹਾਇਤਾ ਕੇਂਦਰ ਦਾ ਉਦਘਾਟਨ ਅਰਦਾਸ ਉਪਰੰਤ ਕੀਤਾ। ਇਹ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਪਲਾਜ਼ਾ ਵਿਖੇ ਬਣਾਇਆ ਗਿਆ ਹੈ। ਇਥੇ ਤਾਇਨਾਤ ਕਰਮਚਾਰੀ ਦੇਸ਼ ਵਿਦੇਸ਼ ਤੋਂ ਪੁੱਜਦੀ ਸੰਗਤ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਦੇ ਨਾਲ-ਨਾਲ ਵੱਖ-ਵੱਖ ਅਸਥਾਨਾਂ, ਲੰਗਰ ਸ੍ਰੀ ਗੁਰੂ ਰਾਮਦਾਸ ਜੀ ਅਤੇ ਰਿਹਾਇਸ਼ੀ ਨਿਵਾਸਾਂ ਆਦਿ ਬਾਰੇ ਜਾਣਕਾਰੀ ਦੇਣਗੇ। ਸਹਾਇਤਾ ਕੇਂਦਰ ਦੇ ਉਦਘਾਟਨ ਮੌਕੇ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੇ ਵਿਸ਼ਵ ਦੇ ਲੋਕਾਂ ਲਈ ਆਸਥਾ ਦਾ ਕੇਂਦਰ ਹੈ ਅਤੇ ਇਥੇ ਪੰਜਾਬ ਤੋਂ ਇਲਾਵਾ ਬਾਹਰਲੇ ਸੂਬਿਆਂ ਅਤੇ ਵਿਦੇਸ਼ਾਂ ਤੋਂ ਵੀ ਸੰਗਤ ਨਤਮਸਤਕ ਹੋਣ ਪੁੱਜਦੀ ਹੈ। ਪੰਜਾਬ ਦੇ ਬਾਹਰ ਦੀ ਸੰਗਤ ਨੂੰ ਕਈ ਵਾਰ ਜਾਣਕਾਰੀ ਨਾ ਹੋਣ ਕਾਰਨ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨੂੰ ਦੇਖਦਿਆਂ ਸਹਾਇਤਾ ਕੇਂਦਰ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਨਵੇਂ ਸਥਾਪਿਤ ਕੀਤੇ ਗਏ ਸਹਾਇਤਾ ਕੇਂਦਰ ’ਚ ਸੇਵਾ ਨਿਭਾਉਣ ਵਾਲੇ ਕਰਮਚਾਰੀ ਸੰਗਤ ਨੂੰ ਜਾਣਕਾਰੀ ਦੇਣਗੇ। ਇਸ ਤੋਂ ਇਲਾਵਾ ਇਥੇ ਧਾਰਮਿਕ ਸਾਹਿਤ ਵੀ ਸੰਗਤ ਲਈ ਉਪਲੱਬਧ ਰਹੇਗਾ, ਜਿਸ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਦੇ ਨਾਲ-ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਅਤੇ ਮਰਯਾਦਾ ਨੂੰ ਦਰਸਾਉਂਦੇ ਕਿਤਾਬਚੇ ਵੀ ਸ਼ਾਮਲ ਹੋਣਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਅਮਰਜੀਤ ਸਿੰਘ ਬੰਡਾਲਾ, ਭਾਈ ਰਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਭਾਈ ਰਾਮ ਸਿੰਘ, ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ ਆਦਿ ਮੌਜੂਦ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422, ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Visions of Punjab
ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

ਕੇਅਰ ਗਿਵਰ ਦੀ ਲੋੜ
ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀ ਇੰਸਟਰਕਟਰ
647-998-7500 ਬਲਵਿੰਦਰ

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER RAJNI SHARMA
• ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
• ਧਰਨ ਚੁਕ ਅਤੇ ਬੈਕ ਪਰਾਬਲਮ
• ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
• ਮੈਂਟਲ ਹੈਲਥ ਪਰਾਬਲਮ
• ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
RAJNI SHARMA - CALL 647-409-0731
Near Ebenzer & Gore - 45 Caranci Crescent, Brampton, ON L6P 1H3

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)













FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017